

WATNO DUR OCTOBER 1977 50 cents

## SPECIALISTS IN:

* INDIAN SUITS
* SAREES, LEHNGAS
* CAPES, HARS
* AND OTHER INDIAN GOODS
* JAPANESE PRINTS
* PLAIN SAREES
* SUITS
* DRAPES

FRONTIER SAREES

HEAD OFFICE: NEW FRONTIER CLOTH HOUSE
PHAGWARA (PANJAB)
INDIA

Phone 2375

# FRONTIER CLOTH HOUSE

**6672 MAIN STREET VANCOUVER, B.C.**

**Manager Vancouver Branch:**
**SUSHIL BATRA**

**Phones:** **Bus. 325-4424**
**Res. 324-5156**

---

*Your Satisfaction Is Our Pleasure*

# PAMELA INTERNATIONAL TRAVEL

**4877 MAIN STREET, VANCOUVER, B.C.** **PHONE: 876-2248**

SERVING YOU AT DIFFERENT LOCATIONS:
DELHI, BANGKOK, HONG KONG & LOS ANGELES

SPECIALIZE IN FARES TO
INDIA, LONDON, HONG KONG, TOKYO FIJI, SINGAPORE, BANGKOK

*Immigrant Fares from India*

**SPECIAL EXCURSION FARES TO INDIA**

ਲੰਡਨ ਜਾਂ ਹਾਂਗਕਾਂਗ ਰਾਹੀਂ 4 ਮਹੀਨੇ ਲਈ ਆਉਣ ਜਾਣ ਦਾ ਸਪੈਸ਼ਲ ਕਿਰਾਇਆ, ਫ਼ੋਨ ਕਰੋ!

**FOR ALL YOUR TRAVEL NEEDS**
**CONTACT**

**PAMTRAVEL — 876-2248**

# WATNO DŪR

**14768 HALSTEAD PLACE**
**SURREY, B.C. , V3R 6S5**

VOL. 5, NO. 52, OCTOBER, 77
**2nd Class Mail Reg. No. 3233**

**ANNUAL SUBSCRIPTION:**

| | | |
|---|---|---|
| CANADA-U.S.A. | | $5.00 |
| OTHER | SEA | $5.00 |
| COUNTRIES | AIR | $8.00 |


## ਇਸ ਅੰਕ ਵਿਚ

### ਲੇਖ


ਗੁਰਬਖ਼ਸ਼ ਸਿੰਘ 5
ਇਮੀਗ੍ਰੈਂਟ ਪਤਨੀਆਂ 13
ਕੇਸਰ ਸਿੰਘ 20


### ਸਥਾਈ ਕਾਲਮ


ਆਪਣੇ ਲੋਕ 8
ਦਰਪਣ 16
ਵਿਹੜੇ ਦੀ ਰੌਣਕ 19


### ਕਹਾਣੀਆਂ


ਬਲਵੰਤ ਚੌਹਾਨ 26
ਅਮਰਜੀਤ ਚਾਹਲ 29
ਗੁਰਦੀਪ ਗਰੇਵਾਲ 31
ਪ੍ਰੇਮ ਪ੍ਰਕਾਸ਼ 32
ਸੁਰਿੰਦਰ ਮਿਨਹਾਸ 36
[illegible] 37


### ਕਵਿਤਾ


ਸੁਰਿੰਦਰ ਧੰਜਲ 22
ਦਲਜੀਤ ਸਰਾਂ 23
ਸੰਤ ਰਾਮ ਉਦਾਸੀ 24
ਗੁਰਮੀਤ ਪੰਨੂੰ 25


### ਹਾਸ ਰਸ


ਸ਼ੇਰ ਜੰਗ ਜਾਂਗਲੀ 34


### ਰਿਪੋਰਟ


ਹਰਜੀਤ ਦੌਧਰੀਆ 15


ਮੁੱਖ-ਚਿੱਤਰ: ਪਰੰਪਰਾ-ਗ੍ਰਸਤ ਔਰਤ
ਰੂਪਕਾਰ: ਸੁਰਜੀਤ ਕਲਸੀ


**EDITORIAL BOARD:**
Surinder Dhanjal
Ajmer Rodey, 438-7793
Amarjit Chahal, 892-3085

**EDITOR:**
Sadhu, 437-9014

**ADVERTISING EDITORS:**
Rupinder Azad M.A., 430-1924
Karamjit Ghuman, 324-0147

**PUBLISHER:**
Tara Singh Hayer, 584-3714

**CIRCULATION BOARD:**
Iqbal Ramuwalia, Toronto (741-7538)
Sarwan Boal, Montreal (679-8132)
Latt Bhinder, Edmonton (462-6431)
Gurcharan Tallewalia, Richmond (271-4742)
K. S. Chaman, Calgary (248-2841)
Dave Jatana, Fort Nelson (774-2219)
Harnek Mann, Pr. George (564-6245)
G. S. Bains, Williams Lake (392-3698)
J. S. Aulakh, Mission (826-4888)
Avtar Rodey, Quesnel (992-7578)
Jasbir Chahal, Victoria (385-4996)

*All officeholders and members of WATNO DUR ADMINISTRATION BOARD past and present have been and are honorary associates of WATNO DUR.*


## • ਕੈਨੇਡੀਅਨ ਪੰਜਾਬੀ ਕਹਾਣੀ-ਅੰਕ

ਜਨਵਰੀ 1978 ਦਾ 'ਵਤਨੋਂ ਦੂਰ' ਕੈਨੇਡੀਅਨ ਪੰਜਾਬੀ ਕਹਾਣੀ ਅੰਕ ਹੋਵੇਗਾ। ਕੈਨੇਡਾ ਵਿਚ ਵਸਦੇ ਪੰਜਾਬੀ ਕਹਾਣੀਕਾਰਾਂ ਨੂੰ ਬੇਨਤੀ ਹੈ ਕਿ ਆਪਣੀਆਂ ਰਚਨਾਵਾਂ ਅਕਤੂਬਰ 1977 ਦੇ ਅਖ਼ੀਰ ਤੱਕ ਅੱਪੜਦੀਆਂ ਕਰ ਦੇਣ ਤਾਂ ਕਿ ਅਸੀਂ ਸਮੇਂ ਸਿਰ ਛਪਾਈ ਕਰਾ ਸਕੀਏ। ਰਚਨਾ ਭੇਜਣ ਸਮੇਂ ਇਹ ਖ਼ਾਸ ਖ਼ਿਆਲ ਰੱਖਿਆ ਜਾਵੇ ਕਿ ਉਹ ਪਹਿਲਾਂ ਕਿਤੇ ਵੀ ਛਪੀ ਹੋਈ ਨਾ ਹੋਵੇ। ਇਸ ਅੰਕ ਵਿਚ ਅਸੀਂ ਕੇਵਲ ਅਣ-ਛਪੀਆਂ ਕਹਾਣੀਆਂ ਹੀ ਛਾਪ ਸਕਾਂਗੇ।


ਵਤਨੋਂ ਦੂਰ ਵਿਚ ਛਪੀਆਂ ਰਚਨਾਵਾਂ ਨਾਲ ਵਤਨੋਂ ਦੂਰ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ। ਵਿਚਾਰ ਲੇਖਕਾਂ ਦੇ ਆਪਣੇ ਨਿੱਜੀ ਹਨ।

# ਪ੍ਰੀਤਾਂ ਦਾ ਵਣਜਾਰਾ



ਸਰਦਾਰ ਗੁਰਬਖ਼ਸ਼ ਸਿੰਘ ਪ੍ਰੀਤਲੜੀ ਆਪਣੀ ਉਮਰ ਦੇ 82ਵੇਂ ਵਰ੍ਹੇ ਵਿਚ 20 ਅਗਸਤ 1977 ਨੂੰ ਸਾਥੋਂ ਸਦਾ ਲਈ ਵਿਛੜ ਗਏ ਹਨ। ਪੰਜਾਬੀ ਸਾਹਿਤ ਅਤੇ ਜ਼ਬਾਨ ਨੂੰ ਅਜੋਕੀ ਸਿਖਰ 'ਤੇ ਪਹੁੰਚਾਣ ਵਿਚ ਜਿੰਨਾ ਹੱਥ ਉਹਨਾਂ ਦਾ ਹੈ ਸ਼ਾਇਦ ਹੋਰ ਕਿਸੇ ਦਾ ਨਹੀਂ। ਭਾਵੇਂ ਉਹ ਆਪਣੇ ਜੀਵਨ ਵਿਚ ਇਕ ਬਹੁ-ਰੰਗਤ ਸ਼ਖ਼ਸੀਅਤ ਰਹੇ, ਪਰ ਪੰਜਾਬੀ ਜ਼ਬਾਨ ਅਤੇ ਸਮਾਜ ਨੂੰ ਉਹਨਾਂ ਦੀ ਸਮੁੱਚੀ ਦੇਣ ਦਾ ਮੁੱਲ ਆਉਣ ਵਾਲੇ ਸਮਿਆਂ ਵਿਚ ਹੀ ਪਏਗਾ। ਹਰ ਜ਼ਬਾਨ ਦੇ ਇਤਿਹਾਸ ਤੇ ਸਾਹਿਤ ਵਿਚ ਸਮੇਂ ੨ ਤੇ ਕੁਝ ਸ਼ਖ਼ਸੀਅਤਾਂ ਸਦਾ ਜਿਉਂਦੀਆਂ ਰਹਿੰਦੀਆਂ ਹਨ ਤੇ ਸਰਦਾਰ ਗੁਰਬਖ਼ਸ਼ ਸਿੰਘ ਦਾ ਨਾਂ ਪੰਜਾਬੀ ਸਾਹਿਤ ਦੇ ਇਤਿਹਾਸ ਵਿਚ ਸਦਾ ਅਮਰ ਰਹੇਗਾ।

ਉਹਨਾਂ ਜ਼ਿੰਦਗੀ ਨੂੰ ਸੋਹਣਾ ਬਣਾਉਣ ਦੇ ਅਨੇਕਾਂ ਸੁਪਨੇ ਲਏ ਅਤੇ ਕੁਝ ਵਿਚ ਨੂੰ ਅਮਲੀ ਰੂਪ ਵੀ ਦਿਤਾ ਅਤੇ ਬਾਕੀਆਂ ਨੂੰ ਰੂਪਮਾਨ ਕਰਨ ਲਈ ਆਖ਼ਰੀ ਸਾਹ ਤਕ ਪ੍ਰਯਤਨਸ਼ੀਲ ਰਹੇ। ਹਰ ਜਾਣਿਆਂ ਨਾਲ ਮੋਹ ਪਾ ਲੈਣ ਵਾਲੇ ਪ੍ਰੀਤਾਂ ਦੇ ਵਣਜਾਰੇ ਨੇ ਆਪਣੀ ਵਿਲੱਖਣ ਜ਼ਿੰਦਗੀ ਵਿਚ ਆਪਣੀ ਧਰਤੀ ਉਤੇ ਹੀ ਨਹੀਂ ਸਗੋਂ ਦੂਰ ਦੁਰਾਡੇ ਦੇਸ਼ਾਂ ਵਿਚ ਵੀ ਅਨੇਕਾਂ ਮਿੱਤਰ ਬਣਾਏ ਤੇ ਅਖ਼ੀਰ ਤਕ ਪ੍ਰੀਤ ਨਿਭਾਈ। ਉਹ ਕਿੱਡੀ ਵੱਡੀ ਸ਼ਖ਼ਸੀਅਤ ਦੇ ਮਾਲਿਕ ਸਨ — ਇਹ ਕੁਦਰਤੀ ਗੱਲ ਹੈ, ਕਿ ਆਉਣ ਵਾਲੇ ਸਮਿਆਂ ਵਿਚ ਉਹਨਾਂ ਦੇ ਨਿੱਜੀ ਜੀਵਨ ਬਾਰੇ, ਉਹਨਾਂ ਦੀ ਸਿਆਸਤ, ਉਹਨਾਂ ਦੇ ਰੱਬ, ਧਰਮ ਅਤੇ ਪਿਆਰ ਫ਼ਲਸਫ਼ੇ ਬਾਰੇ ਬਹੁਤ ਕੁਝ ਲਿਖਿਆ ਜਾਏਗਾ — ਹੱਕ ਵਿਚ ਵੀ ਅਤੇ ਵਿਰੋਧ ਵਿਚ ਵੀ। ਪਰ ਪੰਜਾਬੀ ਸਾਹਿਤ ਦੇ ਇਹ ਰੂਪਾਂ — ਨਾਟਕ, ਕਹਾਣੀ, ਨਾਵਲ, ਵਾਰਤਕ ਤੇ ਪੱਤਰਕਾਰੀ ਨੂੰ ਉਹਨਾਂ ਦੀ ਦੇਣ ਤੋਂ ਕੋਈ ਵੀ ਮੁਨਕਰ ਨਹੀਂ ਹੋ ਸਕੇਗਾ।

ਅਣਗਿਣਤ ਪੰਜਾਬੀ ਪਾਠਕਾਂ ਦੇ ਮਹਿਬੂਬ ਤੇ ਅਜੋਕੇ ਪੰਜਾਬੀ ਸਾਹਿਤ ਦੇ ਮੋਢੀ ਦੇ ਤੁਰ ਜਾਣ ਤੇ ਅਸੀਂ ਵਤਨੋਂ ਦੂਰ ਬੈਠੇ ਉਹਨਾਂ ਦੇ ਪਰਵਾਰ ਤੇ ਪਾਠਕਾਂ ਦੇ ਦੁੱਖ ਵਿਚ ਸ਼ਾਮਲ ਹੁੰਦੇ ਹਾਂ। ਉਹਨਾਂ ਦੇ ਵਿਛੋੜੇ ਕਾਰਣ ਜਿਹੜਾ ਨਾ ਪੂਰਿਆ ਜਾ ਸਕਣ ਵਾਲਾ ਖੱਪਾ ਪੈ ਗਿਆ ਹੈ ਉਸ ਲਈ ਅਸੀਂ ਡੂੰਘਾ ਅਫ਼ਸੋਸ ਪ੍ਰਗਟ ਕਰਦੇ ਹਾਂ।

# ਪਰਮ-ਮਨੁੱਖ: ਗੁਰੂ ਗੋਬਿੰਦ ਸਿੰਘ ਜੀ / ਗੁਰਬਖ਼ਸ਼ ਸਿੰਘ

(ਆਪਣੇ ਸਮੇਂ ਤੇ ਤੁਰੇ ਹੋਇਆਂ ਤੇ ਜੀਵਨ ਦੇ ਅੰਤਲੀ ਵਰ੍ਹਿਆਂ ਵਿਚ ਭਾਵੇਂ ਗੁਰਬਖ਼ਸ਼ ਸਿੰਘ ਪ੍ਰੀਤਲੜੀ ਆਪਣੇ ਪਾਠਕਾਂ ਨੂੰ ਕੋਈ ਠੋਸ ਸਿਆਸੀ ਜਾਂ ਇਨਕਲਾਬੀ ਸੇਧ ਨਹੀਂ ਦੇ ਸਕੇ ਪਰ ਅਜ ਤੋਂ 42 ਵਰ੍ਹੇ ਪਹਿਲਾਂ ਦੇ ਸਿੱਖ ਤਾਰੀਖ਼ ਤੋਂ ਨਿਖੜਵੇਂ ਹੋਕੇ ਇਕ ਗੁਰੂ, ਅਵਤਾਰ ਨੂੰ ਮਨੁੱਖ ਕਰਿ ਵੇਖਣਾ ਹੀ ਆਪਣੇ ਆਪ ਵਿਚ ਇਕ ਇਨਕਲਾਬੀ ਗੱਲ ਸੀ। ਉਹਨਾਂ ਦੀ ਪਰਮ-ਮਨੁੱਖ ਪੁਸਤਕ ਵਿਚੋਂ ਇਹ ਲੇਖ ਅਸੀਂ ਉਹਨਾਂ ਦੀ ਯਾਦ ਵਿਚ ਪੇਸ਼ ਕਰ ਰਹੇ ਹਾਂ।)

ਸੰਪਾਦਕ

ਗੁਰੂ ਗੋਬਿੰਦ ਸਿੰਘ ਜੀ ਦਾ ਜੀਵਨ-ਕਹਾਣੀ ਏਨਾ, ਏਨਾ ਤੇ ਪਿਆਰਾ ਵਿ ਸਾਨੇ ਪਹਿਲਿਆਂ ਨਾਲ ਏਨਾ ਵਧੇਰੇ ਸੰਖੇਪ ਹੈ ਕਿ ਉਹਨਾਂ ਠੀਕ ਅਨੁਮਾਨ ਲਾਉਣਾ ਬੜੀ ਕਠਨ ਗੱਲ ਹੈ। ਅੱਜ ਵੇਲੇ ਤਕ ਦੋ ਹੀ ਚਿੱਤਰ ਗੁਰੂ ਸਾਹਿਬ ਦੇ ਮਿਲਦੇ ਹਨ: ਇਕ, ਪ੍ਰੇਮ ਦੇ ਅੱਧ-ਮੁੰਦੇ ਨੈਣਾਂ ਵਿਚੋਂ ਵੇਖ ਕੇ ਚਿਤਰਿਆ ਹੋਇਆ; ਦੂਜਾ, ਪੜਚੋਲ ਦੀਆਂ ਪਾਟੀਆਂ ਅੱਖੀਆਂ ਨਾਲ ਵੇਖ ਕੇ ਕਪਲ ਕੀਤਾ ਹੋਇਆ। ਪਹਿਲੇ ਦਾ ਦ੍ਰਿਸ਼ ਅਪੂਰਨ ਹੈ; ਦੂਜੇ ਵਿਚ ਜਾਨ ਕੋਈ ਨਹੀਂ। ਪਰ ਨਾ ਸ਼ਰਧਾਲੂ ਤੇ ਨਾ ਪੜਚੋਲੀ, ਕੇਵਲ ਕੋਈ ਅਸਚਰਜਤਾ ਭਰਪੂਰ ਪ੍ਰਸੰਨਤਾ ਨਾਲ ਮਨੁਖਤਾ ਦਾ ਵਿਕਾਸ ਵੇਖਣ ਵਾਲਾ ਮਨੁਖ ਹੀ ਹੀਰਿਆਂ ਦਾ ਜਵਾਹਰੀ ਬਣ ਸਕਦਾ ਹੈ।

ਗੁਰੂ ਗੋਬਿੰਦ ਸਿੰਘ ਸਾਹਿਬ ਵਿਚ ਇਕ ਵਿਸ਼ੇਸ਼ਤਾ ਹੈ, ਜਿਹੜੀ ਉਹਨਾਂ ਨੂੰ ਮਨੁਖਾਂ ਦਾ ਮਨੁਖ ਦਰਸਾਂਦੀ ਹੈ। ਦੁਨੀਆਂ ਦੇ ਮਹਾਤਮਾਵਾਂ ਵਲ ਮੈਂ ਸਤਿਕਾਰ ਨਾਲ ਵੇਖਦਾ ਹਾਂ। ਉਹ ਮੈਨੂੰ ਜੀਵਨ ਦੀ ਸੰਧਿਆ ਦੀ ਸ਼ਾਂਤ, ਗੰਭੀਰ ਤੇ ਅੰਤਰ-ਧਿਆਨ ਮੂਰਤ ਦਿਸਦੇ ਹਨ, ਉਤਸ਼ਾਹ-ਹੀਨ ਪੂਰਨਤਾ ਦਾ ਅਡੋਲ ਰੂਪ ਤੇ ਰੱਜੇ ਪੁੱਜੇ ਤਿਆਗ ਦਾ ਸਹਿਜ ਸਰੂਪ ਲਭਦੇ ਹਨ। ਪਰ ਗੁਰੂ ਗੋਬਿੰਦ ਸਿੰਘ ਜੀ ਦੇ ਜਵਾਨ ਮੁਖ ਉੱਤੇ ਊਸ਼ਾ ਦੀ ਲਾਲੀ ਹੈ, ਚੜ੍ਹਦੇ ਸੂਰਜ ਦੀਆਂ ਕਿਰਨਾਂ ਦੀ ਸੁਨਹਿਰੀ ਖੇਡ ਹੈ, ਕਿਸੇ ਪੂਰਨਤਾ ਦੀ ਤਾਂਘ ਉਛਾਲੇ ਲੈਂਦੀ ਹੈ; ਹਾਰ ਜਿੱਤ ਦੇ ਜਵਾਰ-ਭਾਟੇ ਦੀਆਂ ਲਹਿਰਾਂ ਹਨ; ਹੁਨਰ, ਰਾਗ, ਕਾਵਿ, ਪ੍ਰੇਮ, ਖੇਡ ਤੇ ਜੋਬਨ ਦੀਆਂ ਠਾਠਾਂ ਹਨ। ਏਸ ਜੀਵਨ ਉਮਾਹ ਦੀ ਝਿਲਮਿਲ ਵਿਚੋਂ ਪਰਮ ਮਨੁਖ ਦੀ ਜੋਤ ਬਾਕੇ, ਮਧੁਰ, ਰਸ-ਮਤੇ ਨੈਣਾਂ ਦੇ ਜੋੜੇ ਵਿਚੋਂ ਗੁਲਾਮੀ ਤੇ ਭਰਮਾਂ ਵਿਚ ਜਕੜੇ ਭਾਰਤ ਉੱਤੇ ਮੁਸਕਰਾਂਦੀ ਦਿਸਦੀ ਹੈ। ਹੱਥਾਂ ਵਿਚਲੇ ਤੀਰ ਮਨੁਖ ਦੇ ਕਿਸੇ ਦੁਰਾਡੇ ਨਿਸ਼ਾਨੇ ਵਲ ਨੀਝ ਲੁਆਉਂਦੇ ਹਨ, ਤੇਜ਼ ਤਲਵਾਰ ਦੀ ਲਿਸ਼ਕ ਮੌਤ ਦੇ ਹਨੇਰੇ ਮੂੰਹ ਉੱਤੇ ਚਾਨਣ ਸੁੱਟ ਕੇ ਡਰ ਭਉ ਸਭ ਦੂਰ ਕਰਦੀ ਹੈ, ਉਤਾਵਲਾ ਬਾਜ਼ ਉਚੇਰੇ ਆਕਾਸ਼ਾਂ ਲਈ ਫੜਫੜਾ ਰਿਹਾ ਹੈ, ਬੀਰ-ਰਸ ਬਾਣੀ ਦੀ ਕਲਾ ਐਉਂ ਵਰ੍ਹਦੀ ਹੈ ਕਿ ਪੈਰ ਭੋਂ ਤੋਂ ਉਖੜ ਜਾਂਦੇ ਹਨ — ਸੁਨੇਹੇ ਵਿਚ ਕੋਈ ਮਸਤਾਨੀ ਮਰਦਾਨਗੀ ਹੈ।

ਇਹ ਕੋਈ ਰੱਬ ਦਾ ਅਕਾਰ-ਹੀਨ ਰੂਪ ਨਹੀਂ, ਇਹ ਮਨੁਖਤਾ ਦਾ ਲਹੂ-ਨਿੱਘਾ ਸਰੀਰ ਹੈ। ਇਹਦੇ ਵਿਚ ਬੱਚਿਆਂ ਲਈ ਪਿਆਰ ਹੈ, ਪਤਨੀ ਲਈ ਪ੍ਰੇਮ ਹੈ, ਮਾਤਾ ਲਈ ਸਤਿਕਾਰ ਹੈ, ਸਾਥੀਆਂ ਲਈ ਵਫ਼ਾ ਹੈ, ਮਨੁਖਤਾ ਲਈ ਦਰਦ ਹੈ, ਜੀਵਨ ਲਈ ਜੋਸ਼ ਹੈ, ਗੁਲਾਮੀ ਲਈ ਘ੍ਰਿਣਾ ਹੈ, ਜ਼ੁਲਮ ਲਈ ਤਲਵਾਰ ਹੈ, ਹੁਨਰ ਲਈ ਕਦਰ ਹੈ, ਰੂਪ ਲਈ ਰਸ ਹੈ, ਇਨਸਾਫ਼ ਲਈ ਕੁਰਬਾਨੀ ਹੈ।

ਮਹਾਤਮਾਵਾਂ ਦਾ ਰੂਪ ਭਾਵੇਂ ਕੁਝ ਵੀ ਹੁੰਦਾ ਹੋਵੇ, ਪਰ ਇਹ ਰੂਪ ਪੂਰਨ ਮਨੁਖ ਦਾ ਹੈ, ਜ਼ਿੰਦਗੀ ਦੀਆਂ ਔਕੜਾਂ ਉੱਤੇ ਘੋੜੇ ਚਾੜ੍ਹਨ ਵਾਲੇ ਗੁਰੂ ਗੋਬਿੰਦ ਸਿੰਘ ਦੀ ਸੋਹਣੀ ਮਨੁਖਤਾ ਦੇ ਨਕਸ਼ ਹਨ। ਪਰ ਅਸੀਂ ਉਹਨਾ ਦੀ ਕਦਰ ਨਹੀਂ ਪਾਈ, ਜਿਹੜਾ ਉਹਨਾਂ ਦਾ ਉਦੇਸ਼ ਸੀ, ਉਹ ਅਸਾਂ ਆਪਣਾ ਨਹੀਂ ਬਣਾਇਆ, ਸਗੋਂ ਜਿਹੜੇ ਖ਼ਤਰਨਾਕ ਭੁਲੇਖੇ ਵਿਚੋਂ ਕਢਣ ਲਈ ਗੁਰੂ ਸਾਹਿਬ ਨੇ ਬੜੀ ਕਰੜੀ ਆਗਿਆ ਕੀਤੀ ਸੀ ਕਿ ਉਹਨਾਂ ਦੇ ਅੰਗੀਠੇ ਉੱਤੇ ਕੋਈ ਦੁਆਰ ਨਾ ਬਣਾਇਆ ਜਾਵੇ, ਉਸੇ ਭੁਲੇਖੇ ਵਿਚ ਅਸੀਂ ਕੰਨਾਂ ਤਕ ਧੱਸ ਗਏ ਹਾਂ। ਗੁਰੂ ਸਾਹਿਬ ਦੇ ਖ਼ਿਆਲ ਪੂਜਾ ਪ੍ਰਸਤਸ਼ ਦੇ ਬਾਰੇ ਬੜੇ ਨਿਰਣਾ ਭਰਪੂਰ ਹਨ। ਜਾਤੀ ਪੂਜਾ-ਅਸਥਾਨ ਬਣਾਨ ਸੰਬੰਧੀ ਉਹਨਾਂ ਆਖਿਆ ਕਿ ਜੋ ਕੋਈ ਸਾਡੇ ਅੰਗੀਠ ਉੱਤੇ ਯਾਦਗਾਰ ਉਸਾਰੇਗਾ, ਉਹਦਾ ਸਰਬੰਸ ਨਾਸ ਹੋ ਜਾਏਗਾ, ਤੇ ਆਦਮ-ਪ੍ਰਸਤੀ ਦੀ ਬਾਬਤ ਆਖਿਆ ਕਿ ਜੋ ਕੋਈ ਸਾਨੂੰ ਅਕਾਲ-ਪੁਰਖ ਨਾਲ ਤੁਲਨਾ ਦੇਵੇਗਾ ਉਹ ਨਰਕ-ਕੁੰਡ ਵਿਚ ਜਾਏਗਾ। ਏਡ ਜ਼ੋਰਦਾਰ ਸ਼ਬਦਾਂ ਵਿਚ ਘਟ ਹੀ ਕਿਸੇ ਨੇ ਅਪਣੇ ਸੇਵਕਾਂ ਨੂੰ ਤਾੜਨਾ ਕੀਤੀ ਹੋਵੇਗੀ।

ਪਰ ਅਸੀਂ ਉਹਨਾ ਦੀ ਇਸ ਸਿਖਿਆ ਨੂੰ ਅੱਖੋਂ ਓਹਲੇ ਕਰ ਦਿਤਾ ਹੈ। ਹਜ਼ੂਰ ਸਾਹਿਬ ਦੇ ਦਰਸ਼ਨ ਇਸ ਗੱਲ ਦੀ ਗਵਾਹੀ ਦੇਂਦੇ ਹਨ। ਅਜ ਹਜ਼ੂਰ ਸਾਹਿਬ ਵਿਚ ਇਕ ਵੇਲੇ ਗੁਰੂ ਸਾਹਿਬ ਨੂੰ ਭੰਗ ਦਾ ਭੋਗ ਲੁਆਇਆ ਜਾਂਦਾ ਹੈ, ਦੂਜੇ ਵੇਲੇ ਮੇਵੇ ਬਦਾਮਾਂ ਦੇ ਕੜਾਹ ਪ੍ਰਸ਼ਾਦ ਦਾ, ਤੇ ਤੀਜੇ ਵੇਲੇ ਪੂਰੀਆਂ ਕਚੌਰੀਆਂ ਦਾ। ਨਿਤਾਪ੍ਰਤੀ ਸੌਣ ਵਾਲੇ ਵਸਤਰ ਰਾਤੀਂ ਖੋਲ੍ਹੇ ਜਾਂਦੇ ਤੇ ਦਿਨੇ ਸ਼ਰਧਾਲੂ ਸੰਗਤ ਦੇ ਰੂਬਰੂ ਤਹਿ ਕੀਤੇ ਜਾਂਦੇ ਹਨ, ਰੋਜ਼ ਸ਼ਸਤ੍ਰਾਂ ਨੂੰ ਅਸ਼ਨਾਨ ਕਰਾਇਆ ਜਾਂਦਾ ਹੈ, ਤੇ ਸਵੇਰੇ ਪੁਜਾਰੀ ਸਾਹਿਬ ਗੁਰੂ ਸਾਹਿਬ ਦੇ ਆਰਾਮ-ਕਮਰੇ ਦੇ ਭਿੱਤ ਖੋਲ੍ਹਦੇ ਹਨ, ਦਰਸ਼ਕ ਹੱਥ ਜੋੜ, ਧੌਣਾਂ ਲੰਮੀਆਂ ਕਰ ਕੇ ਏਸ ਆਸ ਨਾਲ ਅੰਦਰ ਝਾਕਦੇ ਹਨ ਕਿ ਕਿਸੇ ਭਾਗਾਂ ਵਾਲੇ ਨੂੰ ਉਸ ਕਮਰੇ ਵਿਚੋਂ ਗੁਰੂ ਸਾਹਿਬ ਦੇ ਦਰਸ਼ਨ ਹੋ ਜਾਣਗੇ। ਏਸ ਸਚਖੰਡ ਵਿਚ ਸਾਰੀ ਦੀ ਸਾਰੀ ਕਾਰਵਾਈ ਠਾਕਰ-ਪੂਜਾ ਨਾਲੋਂ ਵੀ ਵਡੇਰਾ ਅਡੰਬਰ ਹੈ। ਭੰਗ ਦਾ ਭੋਗ ਲਗਦਾ ਹੈ, ਆਰਤੀ ਹੁੰਦੀ ਹੈ — ਸੰਖ ਵੱਜਦੇ ਹਨ, ਸਭ ਕੁਝ ਗੁਰੂ ਗੋਬਿੰਦ ਸਿੰਘ ਜੀ ਦੇ ਆਸ਼ੇ ਦੇ ਵਿਰੁਧ।

ਇਹ ਬੜੀ ਸ਼ੋਕ-ਭਰੀ ਅਵਸਥਾ ਹੈ ਕਿ ਜਿਹੜੀਆਂ ਦੋ ਬਲਾਵਾਂ ਕੋਲੋਂ ਆਪਣੇ ਦੇਸ਼-ਭਰਾਵਾਂ ਨੂੰ ਸੁਤੰਤਰ ਕਰਾਣ ਲਈ ਗੁਰੂ ਸਾਹਿਬ ਨੇ ਸਾਰਾ ਸਰਬੰਸ, ਸਾਰੀਆਂ ਖੁਸ਼ੀਆਂ ਤੇ ਆਪਣਾ ਆਪ ਵਾਰ ਦਿਤੇ ਸਨ, ਉਹਨਾਂ ਬਲਾਵਾਂ ਨਾਲ ਉਹਨਾਂ ਦਾ ਦੇਸ ਤੇ ਉਹਨਾਂ ਦੇ 'ਸਿੱਖ' ਡਾਢੇ ਘਿਓ-ਖਿਚੜੀ ਵਿਖਾਈ ਦੇਂਦੇ ਹਨ। ਤੇ ਆਪਣੇ ਹਰ ਕੰਮ ਲਈ ਗੁਰੂ ਸਾਹਿਬ ਦੀ ਓਟ ਲੈਂਦੇ ਹਨ। ਗੁਰੂ ਸਾਹਿਬ ਦਾ ਸਾਰਾ ਜੀਵਨ ਰਸਮੀ, ਆਤਮਾ-ਰਹਿਤ ਧਰਮ ਤੇ ਰਾਜਸੀ ਗੁਲਾਮੀ ਦੇ ਵਿਰੁਧ ਇਕ ਜਹਾਦ ਸੀ। ਪਰ ਅਜ ਨਾ ਗੁਲਾਮੀ ਸਾਨੂੰ ਚੁਭਦੀ ਹੈ, ਨਾ

ਰਸਮੀ ਧਰਮ ਸਾਨੂੰ ਨਿਰਾਸ ਕਰਦਾ ਹੈ। ਐਨ ਉਹੀ ਕੁਝ ਸਾਡਾ ਧਰਮ ਹੈ ਜਿਦ੍ਹਾ ਖੰਡਣ ਗੁਰੂ ਸਾਹਿਬ ਨੇ ਕੀਤਾ ਸੀ ।

ਗੁਰੂ ਸਾਹਿਬ ਦਾ ਮਿਸ਼ਨ, ਜੇਕਰ ਮੈਂ ਵੇਖਦਾ ਹਾਂ, ਕੋਈ ਵੱਖਰਾ ਮਜ਼੍ਹਬ ਚਲਾਣਾ ਨਹੀਂ ਸੀ, ਸਗੋਂ ਖ਼ਾਲਸਾ ਸੇਵਕਾਂ ਦੀ ਇਕ ਮੁਕਤੀ-ਫ਼ੌਜ ਜੋੜਨਾ ਸੀ, ਜਿਹੜੀ ਇਨਸਾਫ਼ ਦੀ ਰਾਖੀ ਤੇ ਲੋੜਵੰਦਾਂ ਦੀਆਂ ਔਕੜਾਂ ਦੂਰ ਕਰ ਸਕਦੀ। ਗੁਰੂ ਸਾਹਿਬ ਨੂੰ ਮੁਲਕਗੀਰੀ ਦੀ ਹਵਸ ਨਹੀਂ ਸੀ, ਉਹਨਾਂ ਦਾ ਨਿਸ਼ਾਨਾ ਇਕ ਖ਼ਾਲਸਾ ਫ਼ੌਜ ਸੀ ਜਿਹੜੀ ਆਪਣੇ ਹੱਕ ਛਡ ਕੇ ਸਿਰਫ਼ ਦੂਜਿਆਂ ਦੇ ਹੱਕਾਂ ਦੀ ਰਖਵਾਲੀ ਕਰ ਸਕੇ। ਨਵਾਂ ਮਜ਼੍ਹਬ ਚਲਾ ਲੈਣਾ ਨਾ ਉਦੋਂ ਕਠਿਨ ਸੀ ਤੇ ਨਾ ਹੁਣ ਹੀ ਹੈ। ਸਾਧਾਰਨ ਨਾਲੋਂ ਵਧੇਰੀ ਚਤਰਾਈ ਦਾ ਆਦਮੀ ਜਦੋਂ ਚਾਹੇ ਨਵਾਂ ਮਜ਼੍ਹਬ ਤੋਰ ਸਕਦਾ ਹੈ, ਪਰ ਔਖੀ ਗੱਲ ਉਹ ਸੀ ਜਿਹੜੀ ਗੁਰੂ ਗੋਬਿੰਦ ਸਿੰਘ ਜੀ ਨੇ ਕੀਤੀ। ਮੁਰਦੇ ਦਿਲਾਂ ਵਿਚ ਜ਼ਿੰਦਗੀ ਦੀ ਰੂਹ ਫੂਕ ਦਿੱਤੀ; ਚਿੜੀਆਂ ਨੂੰ ਬਾਜ਼ਾਂ ਦੇ ਟਾਕਰੇ ਦੀ ਸਮਰਥਾ ਦਿਤੀ; ਸਿਜਦੇ ਡੰਡੌਤਾਂ ਵਿਚ ਮੱਥੇ ਰਗੜਨ ਵਾਲਿਆਂ ਨੂੰ ਧੌਣਾਂ ਚੁਕ ਕੇ ਤੁਰਨ ਦਾ ਹੌਸਲਾ ਦਿਤਾ; ਜ਼ਿੰਦਗੀ ਕੋਲੋਂ ਤਰਾਹ ਤਰਾਹ ਡਰਦਿਆਂ ਨੂੰ ਛਾਤੀ ਕਢ ਕੇ ਮਰਨ ਦਾ ਜਿਗਰਾ ਦਿਤਾ; ਨਾਈ, ਛੀਂਬੇ, ਝੀਊਰਾਂ ਨੂੰ ਰਾਜਿਆਂ ਨਵਾਬਾਂ ਨਾਲ ਬਰਾਬਰ ਕੀਤਾ ।

ਸਮੇਂ ਦੀ ਦੂਰਬੀਨ ਵਿਚੋਂ ਵੇਖਿਆਂ ਇਹ ਤਬਦੀਲੀਆਂ ਸਾਨੂੰ ਅਜ ਵੀ ਹੈਰਾਨ ਕਰ ਦੇਂਦੀਆਂ ਹਨ। ਅੱਜ ਵੀ ਅਸੀਂ ਜ਼ਾਤ ਪਾਤ ਦਾ ਭੂਤ ਨਹੀਂ ਉਤਾਰ ਸਕੇ, ਕਾਰ ਕਰਨ ਵਾਲੇ ਭਰਾਵਾਂ ਨੂੰ ਕਮੀਨ ਕਾਂਦੂ ਆਖ ਕੇ ਨਾਲ ਨਹੀਂ ਰਲਾਂਦੇ, ਪਰ ਢਾਈ ਸੌ ਵਰ੍ਹੇ ਪਹਿਲੋਂ ਵਹਿਮਾਂ ਦੀ ਪੂਰੀ ਹਕੂਮਤ ਹੇਠਾਂ ਗੁਰੂ ਸਾਹਿਬ ਨੇ ਬ੍ਰਾਹਮਣ ਤੇ ਚਮਾਰ ਨੂੰ ਇਕ ਬਾਟੇ ਵਿਚੋਂ ਅੰਮ੍ਰਿਤ ਛਕਾ ਦਿਤਾ। ਅਜ ਅਜੋਗ ਧੱਕਾ ਕਰਨ ਵਾਲੇ ਇਕੱਲੇ ਸਿਪਾਹੀ ਨਾਲ ਦਸ ਵੀਹ ਆਦਮੀ ਮੱਥਾ ਲਾਣੋਂ ਘਬਰਾਂਦੇ ਹਨ, ਪਰ ਇਕੱਲੇ ਗੁਰੂ ਗੋਬਿੰਦ ਸਿੰਘ ਜੀ ਨੇ ਔਰੰਗਜ਼ੇਬ ਵਰਗੇ ਸ਼ਹਿਨਸ਼ਾਹ ਦੇ ਮੱਥੇ ਪੀੜ ਪਾ ਦਿਤੀ । ਅਜ ਅਸੀਂ ਮਮੂਲੀ ਜਿਹੇ ਹਾਕਮ ਦੀ ਪੜਚੋਲ ਕਰਨੋਂ ਕਤਰਾਂਦੇ ਹਾਂ; ਗੁਰੂ ਸਾਹਿਬ ਨੇ ਆਲਮਗੀਰ ਹੁਕਮਰਾਨ ਦੇ ਔਗੁਣ ਨਿਡਰ ਵਿਸਥਾਰ ਨਾਲ ਆਪਣੇ ਜ਼ਫ਼ਰਨਾਮੇ ਵਿਚ ਲਿਖ ਕੇ ਘੱਲੇ ਸਨ। ਗੁਰੂ ਗੋਬਿੰਦ ਸਿੰਘ ਜੀ ਨੇ ਇਕ ਸੂਬੇ ਦੇ ਅਛੂਤਾਂ ਦਾ ਪੰਥ ਜੋੜ ਕੇ ਹੇਠਲੀ ਉਪਰ ਕਰ ਦਿਤੀ, ਬਾਦਸ਼ਾਹਤ ਢਾਹ ਮਾਰੀ, ਤੇ ਜਿਨ੍ਹਾਂ ਨਾਲ ਕੋਈ ਛੂੰਹਦਾ ਨਹੀਂ ਸੀ, ਉਹਨਾਂ ਨੂੰ ਰਾਜ-ਗੱਦੀ ਉਤੇ ਬਿਠਾ ਦਿਤਾ। ਇਹ ਅਸਲੀ ਕਰਾਮਾਤ ਹੈ ।

ਭਗਤੀ ਭਜਨ ਦੀ ਜਾਚ ਅਗੇ ਹੀ ਹਿੰਦੁਸਤਾਨ ਨੂੰ ਆਉਂਦੀ ਸੀ, ਬੜੇ ਵੇਦ ਗ੍ਰੰਥ ਵੀ ਮੌਜੂਦ ਸਨ, ਸਿਰਫ਼ ਜੀਊਣ ਦੀ ਜਾਚ ਭੁਲ ਗਈ ਸੀ, ਉਹ ਗੁਰੂ ਸਾਹਿਬ ਨੇ ਆਪਣਾ ਲਹੂ ਪਾ ਕੇ ਸਿਖਾਈ। ਇਹ ਕੰਮ ਕੋਈ ਸਰਬ-ਸਾਂਝੇ ਦਿਲ ਨਾਲ ਇਕ-ਸੁਰ ਹੋਈ ਆਤਮਾ ਹੀ ਕਰ ਸਕਦੀ ਹੈ । ਏਸ ਇਕਸੁਰਤਾ ਦੇ ਚਿੰਨ੍ਹ ਸ਼ੁਰੂ ਤੋਂ ਹੀ ਗੁਰੂ ਸਾਹਿਬ ਵਿਚ ਵੇਖੇ ਜਾਂਦੇ ਸਨ।

ਗੁਰੂ ਸਾਹਿਬ ਦਾ ਜਨਮ ਪਟਨੇ ਵਿਚ ਹੋਇਆ, ਜਦੋਂ ਉਹਨਾਂ ਦੇ ਪਿਤਾ ਗੁਰੂ ਤੇਗ ਬਹਾਦਰ ਜੀ ਆਸਾਮ ਵਲ ਗਏ ਸਨ। ਗੁਰੂ ਤੇਗ ਬਹਾਦਰ ਤਾਂ ਆਸਾਮੋਂ ਹੋ ਕੇ ਪੰਜਾਬ ਚਲੇ ਗਏ, ਪਰ ਗੁਰੂ ਜੀ ਦਾ ਅੱਧ ਬਚਪਨ ਏਥੇ ਹੀ ਬੀਤਿਆ। ਧਰਮਾਤਮਾ ਪੁਰਸ਼ਾਂ ਸੰਬੰਧੀ ਪ੍ਰਸਿਧ ਹੈ ਕਿ ਉਹ ਬਚਪਨ ਵਿਚ ਹੀ ਗੰਭੀਰ ਤੇ ਅਤੀਤ ਵਿਖਾਈ ਦੇਂਦੇ ਹਨ, ਖੇਡ ਵਿਚ ਮਨ ਨਹੀਂ ਲਾਉਂਦੇ ਤੇ ਇਕੱਲਿਆਂ ਲਿਵ ਲਾਈ ਰਖਦੇ ਹਨ । ਪਰ ਗੁਰੂ ਗੋਬਿੰਦ ਸਿੰਘ ਜੀ ਦਾ ਬਚਪਨ ਵੀ ਇਕ ਖੇੜਾ ਸੀ, ਲਹਿਰ ਸੀ, ਕੰਢਿਆਂ ਤਾਈਂ ਵਹਿੰਦੀ ਨਦੀ ਦਾ ਉਛਾਲ ਸੀ।

ਸਾਥੀਆਂ ਦੀਆਂ ਢਾਣੀਆਂ ਬਣਾਣੀਆਂ, ਅਗਵਾਈ ਕਰਨੀ, ਰਲ ਮਿਲ ਕੇ ਧਾਵੇ ਬੋਲਣੇ, ਜਮਨਾ ਕੰਢੇ ਬੈਠੇ ਬ੍ਰਾਹਮਣਾਂ ਦੇ ਲੋਟੇ ਗੜਵੀਆਂ ਡੋਲ੍ਹ ਆਉਣੇ, ਰਾਣੀਆਂ ਸੇਠਾਣੀਆਂ ਦੀਆਂ ਗੋਦੀਆਂ ਵਿਚ ਖੇਡ ਆਉਣਾ, ਲੰਘਦੇ ਜਾਂਦੇ ਅਫ਼ਸਰਾਂ ਦੇ ਸਨਮੁਖ ਮਰਦਾਂ ਵਾਂਗ ਖਲੋ ਕੇ ਝਾਕਣਾ, ਸਾਥੀਆਂ ਦਾ ਮੋਹਿਨ ਹੋਣਾ। ਅਥੱਕ, ਬੇ-ਪਰਵਾਹ ਤੇ ਪ੍ਰਸੰਨ ਖੇਡਣ ਵਾਲੇ ਬੱਚੇ ਆਮ ਕਰਕੇ ਉਸ ਫੁਲ ਦੀ ਨਿਆਈਂ ਹੁੰਦੇ ਹਨ, ਜਿਦ੍ਹੇ ਵਿਚ ਰਸ ਭਰੇ ਫਲ ਦਾ ਇਕਰਾਰ ਹੁੰਦਾ ਹੈ ।

ਗੁਰੂ ਸਾਹਿਬ ਨੇ ਇਹ ਇਕਰਾਰ ਲੋਕਾਂ ਦੀ ਉੱਚੀ ਉਮੈਦ ਨਾਲੋਂ ਵੀ ਚੰਗੇਰਾ ਪੂਰਾ ਕੀਤਾ। ਬੀਰ, ਜੋਧਾ, ਨੀਤੀ ਨਿਪੁੰਨ, ਹੁਨਰਮੰਦ, ਕਵੀ, ਰਾਗੀ, ਪ੍ਰੇਮ-ਪੁੰਜ, ਭਗਤ ਤੇ ਰਸਿਕ ਭਾਵਨਾ ਵਾਲਾ ਪਾਤਸ਼ਾਹ ਗੁਰੂ ਬਣਿਆ। ਚਾਲੀ ਵਰ੍ਹਿਆਂ ਦੀ ਸੰਖੇਪ ਆਯੂ ਵਿਚ ਕਈ ਉਮਰਾਂ ਦਾ ਕੰਮ ਕਰ ਮੁਕਾਇਆ।

ਧਰਮ-ਗੁੰਝਲ ਦੇ ਪਲਚੇ ਖੋਲ੍ਹੇ। ਭਰਮ-ਗੰਢਾਂ ਇਕ ਵੱਢੋਂ ਕਤਰ ਕੇ ਪਰ੍ਹਾਂ ਸੁਟੀਆਂ। ਨਾ ਰਸਮ ਛੱਡੀ, ਨਾ ਜ਼ਾਤ ਰਹਿਣ ਦਿਤੀ, ਨਾ ਦੇਵੀਆਂ, ਦੇਵ, ਅਵਤਾਰਾਂ ਦੀ ਹਕੂਮਤ ਰੱਖੀ। ਐਡਾ ਵਡਾ ਭਾਰ ਜਦੋਂ ਮਨੁਖ ਦੀ ਬੁਧੀ ਤੋਂ ਲਹਿ ਗਿਆ, ਤਾਂ ਜ਼ਰੂਰੀ ਸੀ ਕਿ ਤੇਜ ਦਾ ਪ੍ਰਕਾਸ਼ ਹੁੰਦਾ, ਦਲੇਰੀ ਜਾਗਦੀ, ਬਹਾਦਰੀ ਤੜਪ ਉਠਦੀ। ਗੁਰੂ ਸਾਹਿਬ ਨੇ ਏਸ ਬੀਰਤਾ ਨੂੰ ਜਥੇਬੰਦ ਕੀਤਾ, ਤੇ ਸੁਤੰਤਰਤਾ ਦੇ ਉਡਦੇ ਘੋੜੇ ਨੂੰ ਪ੍ਰੇਮ ਤੇ ਇਨਸਾਫ਼ ਦੀਆਂ ਲਗਾਮਾਂ ਪਾ ਦਿਤੀਆਂ।

ਧਰਮ-ਦੁਆਰੇ ਵਿਚ ਆਮ ਕਰਕੇ ਸਚਾਈ ਪ੍ਰਧਾਨ ਹੁੰਦੀ ਹੈ, ਪਰ ਰਣ-ਅਖਾੜਿਆਂ ਵਿਚ ਸਚਾਈ ਬਹੁਤ ਵਾਰੀ ਪਿਛਲੀਆਂ ਕਤਾਰਾਂ ਵਿਚ ਖੜੀ ਕੀਤੀ ਜਾਂਦੀ ਹੈ। ਇਹ ਵਡਿੱਤਣ ਗੁਰੂ ਸਾਹਿਬ ਦੇ ਹੀ ਹਿੱਸੇ ਆਈ ਕਿ ਉਹਨਾਂ ਨੇ ਔਖੇ ਔਖੇ ਜੰਗ ਲੜੇ ਹਨ, ਉਹਨਾਂ ਨੂੰ ਕਈ ਭਾਜੜਾਂ ਵੀ ਪਈਆਂ ਹਨ, ਨਿਰਾਸਤਾ ਆਈ ਹੈ ਪਰ ਕਿਤੇ ਇਹ ਨਹੀਂ ਆਖਿਆ ਗਿਆ ਕਿ ਉਹਨਾਂ ਦੁਸ਼ਮਣ ਨੂੰ ਧੋਖਾ ਦਿਤਾ ਹੋਵੇ, ਕੋਈ ਫਰੇਬ ਰਵਾ ਰਖਿਆ ਹੋਵੇ, ਕਿਸੇ ਚਾਲਾਕੀ ਨਾਲ ਫ਼ਾਇਦਾ ਉਠਾਇਆ ਹੋਵੇ । ਗੁਰੂ ਸਾਹਿਬ ਨੇ ਰਣ-ਭੂਮੀਓਂ ਬਾਹਰ ਕਿਸੇ ਉਤੇ ਵਾਰ ਨਹੀਂ ਕੀਤਾ, ਕਦੇ ਸਚਾਈ ਦਾ ਤਿਆਗ ਨਹੀਂ ਕੀਤਾ, ਦੁਸ਼ਮਣ ਨਾਲ ਕਠੋਰਤਾ ਨਹੀਂ ਕੀਤੀ, ਸਗੋਂ ਉਹਨਾਂ ਦਾ ਸੇਵਕ ਕਨ੍ਹੱਈਆ ਸੱਜਣ ਤੇ ਦੁਸ਼ਮਣ ਦੋਹਾਂ ਨੂੰ ਬੇ-ਵਿਤਕਰੇ ਪਾਣੀ ਪਿਲਾਂਦਾ ਰਿਹਾ ਹੈ, ਤੇ ਜਦ ਸਿੱਖਾਂ ਨੇ ਏਸ ਵਤੀਰੇ ਦਾ ਗੁਰੂ ਸਾਹਿਬ ਅਗੇ ਗਿਲਾ ਕੀਤਾ, ਤਾਂ ਉਹਨਾਂ ਆਪਣੇ ਕੋਲੋਂ ਕਨ੍ਹੱਈਆ ਜੀ ਨੂੰ ਮਲ੍ਹਮ ਦੀ ਡੱਬੀ ਦੇ ਕੇ ਆਖਿਆ ਕਿ ਅਗੋਂ ਜੇ ਲੋੜ ਪਵੇ ਤਾਂ ਦੁਸ਼ਮਣਾਂ ਦੇ ਫੱਟਾਂ ਉਤੇ ਮਲ੍ਹਮ ਵੀ ਲਾ ਦਿਆ ਕਰੇ। ਉਹਨਾਂ ਦੁਸ਼ਮਣ ਦੀਆਂ ਇਸਤ੍ਰੀਆਂ ਦਾ ਸਤਿਕਾਰ ਕੀਤਾ। ਇਹਨਾਂ ਸਿਫ਼ਤਾਂ ਕਰਕੇ ਹੀ ਉਹਨਾਂ ਆਪਣੇ ਲਸ਼ਕਰ ਨੂੰ 'ਖ਼ਾਲਸਾ' ਦਾ ਨਾਮ ਦਿਤਾ। ਜਿਸ ਤਰ੍ਹਾਂ ਭਗਵਾ ਪਹਿਨ ਕੇ ਸਾਧੂ ਲਾਲਚ ਕਰਦਾ ਸੋਭਦਾ ਨਹੀਂ, ਉਸੇ ਤਰ੍ਹਾਂ 'ਖ਼ਾਲਸਾ' ਅਖਵਾ ਕੇ ਸਿੱਖ ਜ਼ੋਰ, ਧੱਕਾ ਜਾਂ ਨਿੰਦਿਆ ਕਰਦਾ ਫੱਬਦਾ ਨਹੀਂ। ਅਜ ਸਾਡਾ ਨਾਂ ਖ਼ਾਲਸਾ ਹੈ, ਪਰ ਓਦੋਂ ਸਾਡੀ ਸਿਫ਼ਤ ਖ਼ਾਲਸਾ ਸੀ।

ਏਸ ਜਥੇਬੰਦੀ ਦੀ ਨੀਂਹ ਉਨ੍ਹਾਂ ਸਮਾਨਤਾ ਉਤੇ ਰੱਖੀ। ਇਸਤ੍ਰੀਆਂ ਨੂੰ ਸਮਾਨ ਹੱਕ ਦਿਤੇ, ਤੇ ਉਹਨਾਂ ਨੂੰ ਭਾਈਚਾਰਕ ਜੀਵਨ ਦਾ ਅੰਗ ਬਣਾ ਕੇ ਕੌਮੀ ਜੀਵਨ ਨੂੰ ਅਮੀਰ ਬਣਾਇਆ।

ਮੈਂ ਗੁਰੂ ਸਾਹਿਬ ਦੇ ਜਾਦੂ-ਅਸਰ ਉਤੇ ਅਸ਼ ਅਸ਼ ਕਰਦਾ ਹਾਂ ਜਦੋਂ ਸੋਚਦਾ ਹਾਂ ਕਿ ਉਹਨਾਂ ਨੇ ਇਕਦਮ ਵਲਗਣਾਂ ਵਿਚੋਂ ਕੱਢ ਤੇ ਮੁਖ ਨੰਗਾ ਕਰ ਕੇ ਦਾਸੀ ਨੂੰ ਸਰਦਾਰਨੀ ਬਣਾ ਦਿਤਾ। ਗੁਰੂ ਸਾਹਿਬ ਦੇ ਜੰਗ ਵਿਚ ਹੋਰ ਹਰ ਤਰ੍ਹਾਂ ਦੇ ਬਹਾਦਰ ਕੰਮਾਂ ਦੇ ਛੁਟ ਇਸਤ੍ਰੀਆਂ ਤਲਵਾਰ ਫੜ ਕੇ ਮਰਦੀਆਂ ਤੇ ਮਾਰਦੀਆਂ ਵੇਖੀਆਂ ਗਈਆਂ ਹਨ। ਮਾਈ ਭਾਗੋ ਦਾ ਨਾਂ ਉੱਘਾ ਹੈ। ਬੀਬੀ ਦੀਪ ਕੌਰ ਨੇ, ਕਿਹਾ ਜਾਂਦਾ ਹੈ, ਚਾਰ ਦੁਸ਼ਮਣਾਂ ਨੂੰ ਘਾਇਲ ਕਰ ਦਿਤਾ ਸੀ। ਇਹ ਬੀਬੀ ਜਥੇ ਨਾਲੋਂ ਅਗਾਂਹ ਪਿਛਾਂਹ ਹੋ ਗਈ। ਚੌਂਹ ਦੁਸ਼ਮਣਾਂ ਨੇ ਘੇਰ ਲਿਆ। ਘੇਰਨ ਵਾਲੇ ਕਾਮਨਾ ਅਧੀਨ ਹੋ ਗਏ। ਬੀਬੀ ਨੇ ਮੌਕਾ ਵੇਖ ਕੇ ਤਲਵਾਰ ਧੂ ਲਈ, ਚਾਰੇ ਭੁੰਜੇ ਸੁਟ ਪਾਏ ।

ਇਸਤ੍ਰੀਆਂ ਸੰਬੰਧੀ ਉਸ ਵੇਲੇ ਦੇ ਪਰਚਲਤ ਖ਼ਿਆਲ ਦਾ ਅਨੁਮਾਨ ਏਥੋਂ ਲਗ ਸਕਦਾ ਹੈ ਕਿ ਬੀਬੀ ਦੀ ਬੀਰਤਾ ਦੀ ਸਲਾਹਤਾ ਕਰਨ ਦੀ ਥਾਂ ਮਰਦਾਂ ਨੇ ਗੁਰੂ ਸਾਹਿਬ ਅਗੇ ਸਗੋਂ ਸ਼ਿਕਾਇਤ ਕੀਤੀ ਕਿ ਦੀਪ ਕੌਰ ਗ਼ੈਰ ਮਨੁਖ ਦੇ ਸਰੀਰ ਨਾਲ ਛੁਹਣ ਕਰਕੇ ਅਪਵਿਤਰ ਹੋ ਗਈ ਹੈ। ਕਦਰਦਾਨ ਗੁਰੂ ਨੇ ਬੀਬੀ ਨੂੰ ਥਾਪੜੀ ਦਿਤੀ, ਬੜੀ ਪ੍ਰਸੰਸਾ ਕੀਤੀ, ਤੇ ਮਰਦਾਂ ਦੀ ਤੰਗ-ਦਿਲੀ ਉਤੇ ਚਾਨਣ ਪਾਇਆ ।

ਇਹ ਕੇਡੀ ਵਡੀ ਗੱਲ ਹੈ, ਇਸ ਦਾ ਅੰਦਾਜ਼ਾ ਏਥੋਂ ਲਗ ਸਕਦਾ ਹੈ ਕਿ

ਸੈਂਕੜੇ ਵਰ੍ਹਿਆਂ ਮਗਰੋਂ ਅੱਜ ਅਸੀਂ ਆਪਣੀਆਂ ਸਾਥਣਾਂ ਵਿਚ ਕੋਈ ਜੀਵਨ ਚੰਗਿਆੜੀ ਨਹੀਂ ਭਖਾ ਸਕੇ, ਜਿਵੇਂ ਗੁਰੂ ਸਾਹਿਬ ਨੇ ਸੁਅਲੇ ਕਢਵਾ ਦਿਤੇ ਸਨ।

ਸਮਾਜਕ ਜੀਵਨ ਦੀ ਪੂਰਨਤਾ ਦਾ ਨਾਂ ਧਾਰਮਕ ਜੀਵਨ ਹੈ। ਉਸ ਵੇਲੇ ਦੇ ਵਿਚਾਰਵਾਨਾਂ ਨੇ ਧਰਮ ਨੂੰ ਜੀਵਨ ਨਾਲੋਂ ਵਖ ਕਰ ਦਿਤਾ ਸੀ। ਪਰ ਵਡੇ ਤੋਂ ਵਡਾ ਟਾਹਣ ਵੀ ਬਿਛ ਨਾਲੋਂ ਅਡ ਹੋ ਕੇ ਹਰਾ ਨਹੀਂ ਰਹਿ ਸਕਦਾ। ਗੁਰੂ ਸਾਹਿਬ ਨੇ ਧਰਮ-ਟਾਹਣ ਨੂੰ ਮੁੜ ਜੀਵਨ-ਬਿਛ ਨਾਲ ਪਿਉਂਦ ਕਰ ਕੇ ਹਰਾ ਭਰਾ ਕਰ ਦਿਤਾ। ਸੁਕੇ ਪੱਤਰ, ਟਾਹਣੀਆਂ ਨਾਲੋਂ ਝੰਬ ਸੁਟੇ। ਇਕ ਸੁਕੀ ਟਾਹਣੀ ਮਸੰਦ ਸਨ। ਗੁਰੂ ਸਾਹਿਬ ਨੇ ਇਹ ਭੰਨ ਕੇ ਉਸ ਖੂਹ ਵਿਚ ਸੁਟ ਪਾਈ ਜਿਦ੍ਹੀ ਉਹ ਹੱਕਦਾਰ ਸੀ।

ਇਨ੍ਹਾਂ ਮਸੰਦਾਂ ਦਾ ਨਖ਼ਰਾ ਉਦੋਂ ਵੀ ਇਹੀ ਸੀ ਜੋ ਅੱਜ ਹੈ। ਕੋਈ ਮਰੇ ਭਾਵੇਂ ਜੀਵੇ, ਇਨ੍ਹਾਂ ਦੇ ਪਤਾਸੇ ਜ਼ਰੂਰੀ ਹਨ। ਆਪਣਾ ਤਨ ਢੱਕਣ ਨੂੰ ਕੁਝ ਲਭੇ ਭਾਵੇਂ ਨਾ ਲਭੇ, ਮਸੰਦਾਂ ਦੇ ਚਾਦਰੇ ਦਸਤਾਰੇ ਲਈ ਘਰ ਕੁਲਾ ਗਹਿਣੇ ਪਾਣਾ ਪੈਂਦਾ ਸੀ। ਜਨਤਾ ਦੁਖੀ ਸੀ ਪਰ ਮਸੰਦ ਸੁਆਣੀਆਂ ਦੀ ਬਾਹੀਂ ਚੂੜੇ ਛਣਕਦੇ ਸਨ। ਗੁਰੂ ਸਾਹਿਬ ਨੇ ਉਹ ਨਿਕੰਮੀਆਂ ਬਾਹਵਾਂ ਨੰਗੀਆਂ ਕਰ ਦਿਤੀਆਂ।

ਇਕ ਹੋਰ ਵੱਡਾ ਵਹਿਮ, ਸੁਭ ਜੀਵਨ ਨਾਲੋਂ ਅਡਰੇ ਕਿਸੇ ਜਪ ਤਪ ਦਾ ਸੀ। ਏਸ ਵਹਿਮ ਨੇ ਅੱਧੀ ਜ਼ਿੰਦਗੀ ਨਿਕੰਮੀ ਬਣਾ ਰਖੀ ਸੀ। ਏਸ ਵਹਿਮ ਦੀਆਂ ਜੜ੍ਹਾਂ ਹਾਲੇ ਤਕ ਵੀ ਬੜੀਆਂ ਪੱਕੀਆਂ ਹਨ। ਦੁਨੀਆਂ ਦੀ ਕਿੰਨੀ ਤਾਕਤ ਨਿਸਫਲ ਜਾ ਰਹੀ ਹੈ। ਗੁਰੂ ਸਾਹਿਬ ਨੇ ਏਸ ਵਹਿਮ ਨੂੰ ਚੰਗਾ ਤਕੜਾ ਹੂਣਾ ਦਿਤਾ। ਉਹਨਾਂ ਸਮਝਾਇਆ ਕਿ ਜੇ ਜਾਪ ਕੀਤਿਆਂ ਅਜਾਪ ਦੇਵ ਮਿਲ ਜਾਂਦਾ ਹੁੰਦਾ ਤਾਂ ਪੂਦਨਾ — ਇਕ ਜਨੌਰ — ਕਿਉਂ ਸਦੀਵ 'ਤੂੰਹੀ, ਤੂੰਹੀ' ਉਚਰਦਾ ਰਹਿੰਦਾ?

ਜਾਪ ਕੇ ਕਹੇ ਤੇ ਜੋ ਪਾਈਐ ਅਜਾਪ ਨਾਥ ਜਾਪਨ ਅਨੇਕ ਤਾਪ
ਧਾਰਿਣ ਸਾਹਿਤ ਹੈ। ਜਪ ਕੇ ਕੀਏ ਤੇ ਜੋ ਪੈ ਪਾਯਤ
ਅਜਾਪ ਦੇਵ ਪੂਦਨਾ ਸਦੀਵ ਤੂਹੀ ਤੂਹੀ ਉਚਰਤ ਹੈ।

ਤੇ ਗੁਰੂ ਸਾਹਿਬ ਨੇ ਸੁਭ ਕਰਮਾਂ ਦਾ ਗੀਤ ਗਾਇਆ :—

ਦੇਹ ਸਿਵਾ! ਬਰ ਮੋਹਿ ਇਹੈ,
ਸੁਭ ਕਰਮਨ ਤੇ ਕਬਹੂੰ ਨਾ ਟਰੋਂ।

ਗੁਰੂ ਸਾਹਿਬ ਅਕਾਲ-ਪੁਰਖ ਕੋਲੋਂ ਸੁਭ ਕਰਮਾਂ ਦਾ ਵਰ ਹੀ ਮੰਗਦੇ ਹਨ। ਗੁਰੂ ਸਾਹਿਬ ਸਦਾ ਸੁਭ ਕਰਮਾਂ ਵਿਚ ਲਗੇ ਰਹਿਣ ਦੀ ਪ੍ਰਾਰਥਨਾ ਕਰਦੇ ਤੇ ਸੁਭ ਕਰਮਾਂ ਨੂੰ ਅਕਾਲ-ਪੁਰਖ ਦੀ ਭੇਟਾ ਲਈ ਸਭ ਤੋਂ ਉਚਾ ਚੜ੍ਹਾਵਾ ਕਰਾਰ ਦੇਂਦੇ ਸਨ। ਇਕ ਵਾਰੀ ਉਹਨਾਂ ਨੂੰ ਪਿਆਸ ਲਗੀ, ਕੋਲ ਕੋਈ ਸਿੱਖ ਹਾਜ਼ਰ ਨਹੀਂ ਸੀ। ਇਕ ਦਰਸ਼ਨ ਕਰਨ ਆਏ ਖੱਤਰੀ ਗਭਰੂ ਨੇ ਜਲ ਦਾ ਕਟੋਰਾ ਭਰ ਕੇ ਫੜਾਇਆ। ਏਸ ਸਜਣ ਦੇ ਹੱਥਾਂ ਵਲ ਵੇਖ ਕੇ ਗੁਰੂ ਸਾਹਿਬ ਨੇ ਪੁਛਿਆ : "ਤੇਰੇ ਹਥ ਬੜੇ ਕੂਲੇ ਹਨ, ਕੀ ਤੂੰ ਇਹਨਾਂ ਨੂੰ ਕਿਸੇ ਸੇਵਾ ਵਿਚ ਕਦੇ ਨਹੀਂ ਵਰਤਿਆ?"

"ਨਹੀਂ, ਹਜ਼ੂਰ," ਉਸ ਉੱਤਰ ਦਿਤਾ, "ਇਹ ਪਹਿਲੀ ਹੀ ਵਾਰ ਹੈ ਕਿ ਮੈਂ ਕਿਸੇ ਹੋਰ ਦੀ ਸੇਵਾ ਲਈ ਇਹਨਾਂ ਨੂੰ ਵਰਤਿਆ ਹੈ।"

"ਤਦ" ਗੁਰੂ ਸਾਹਿਬ ਕਟੋਰਾ ਥਲੇ ਰਖ ਕੇ ਬੋਲੇ, "ਤੇਰੇ ਹਥੋਂ ਪਾਣੀ ਪੀਣਾ ਜੋਗ ਨਹੀਂ। ਇਹ ਹਥ ਅਪਵਿੱਤਰ ਹਨ। ਉਹ ਤਨ ਮੁਰਦਾ ਤੇ ਅਛੂਤ ਹੈ ਜਿਹੜਾ ਰੱਬ ਦੇ ਬੰਦਿਆਂ ਦੀ ਸੇਵਾ ਵਿਚ ਨਹੀਂ ਲਗਾ। ਮੈਨੂੰ ਸਿੱਖ ਪਿਆਰਾ ਨਹੀਂ, ਉਹਦੀ ਰਹਿਤ ਪਿਆਰੀ ਹੈ।"

ਰਹਿਤ ਤੋਂ ਭਾਵ ਜੀਵਨ ਹੈ, ਨਿਰੀ ਕਕਾਰਾਂ ਦੀ ਰਹਿਤ ਨਹੀਂ। ਗੁਰੂ ਸਾਹਿਬ ਚਿੰਨ੍ਹਾਂ ਨਾਲ ਸੰਤੁਸ਼ਟ ਨਹੀਂ ਸਨ ਹੁੰਦੇ, ਉਹ ਜੀਵਨ ਮੰਗਦੇ ਸਨ, ਸੇਵਾ ਮੰਗਦੇ ਸਨ, ਸਚਾਈ ਮੰਗਦੇ ਸਨ।

ਗੁਰੂ ਸਾਹਿਬ ਨੇ ਸਭੇ ਭੈੜੀਆਂ ਰਸਮਾਂ ਤੋੜ ਦਿਤੀਆਂ। ਸਿਹਣੀਆਂ ਹੀਤਾਂ ਚਲਾਈਆਂ; ਸਾਦੇ ਵਿਆਹ ਦੀ ਰਸਮ ਤੋਰੀ, ਹੋਲੀ ਤਿਉਹਾਰ ਦੇ ਭਦ੍ਰਦੀ ਤੇ ਵਿਗੜੇ ਮਜ਼ਾਕ ਦੀ ਥਾਂ ਸਵੱਛ ਖ਼ੁਸ਼ੀਆਂ ਦਾ ਹੋਲਾ ਮਹੱਲਾ ਰਚਿਆ, ਅਖ਼ਲਾਕੀ ਪਵਿੱਤਰਤਾ ਦਾ ਆਦਰਸ਼ ਭਾਈਚਾਰੇ ਦੇ ਸਾਹਮਣੇ ਰਖਿਆ, ਪੰਚਾਇਤ ਨੂੰ ਪਰਧਾਨ ਬਣਾ ਕੇ ਸਮਾਨਤਾ ਦਾ ਮੁਢ ਬੰਨ੍ਹਿਆ।

ਗੁਰੂ ਸਾਹਿਬ ਦੇ ਸਮਾਜ-ਸੁਧਾਰਕ ਜਤਨ ਕੇਵਲ ਰਾਜਸੀ ਤੇ ਧਾਰਮਕ ਹੀ ਨਹੀਂ ਸਨ। ਗੁਰੂ ਸਾਹਿਬ ਨੇ ਜ਼ਿੰਦਗੀ ਦੇ ਹਰ ਪਹਿਲੂ ਉਤੇ ਨਜ਼ਰ ਮਾਰੀ, ਤੇ ਜਿਥੇ ਵੀ ਉਹਨਾਂ ਦੀ ਨਜ਼ਰ ਪਈ, ਉਥੇ ਹੀ ਸੁਧਾਰ ਹੋ ਗਿਆ। ਉਹਨਾਂ ਨੇ ਪੂਰਨ ਦਿਮਾਗ਼ੀ ਸੁਤੰਤਰਤਾ ਦਾ ਪਰਚਾਰ ਕੀਤਾ। ਅੱਖਾਂ ਮੀਟ ਕੇ ਕਿਸੇ ਅਣਡਿੱਠ ਸਰੂਪ ਨਾਲ ਜ਼ੋਰੀਂ ਲਿਵ ਲਾਣ ਦੀ ਥਾਂ ਅੱਖਾਂ ਖੋਲ੍ਹ ਕੇ ਹੱਥੀ ਰਚਨਾ ਦੇ ਰੂਪ ਵਿਚੋਂ ਕਿਸੇ ਜੋਤੀ ਸਰੂਪ ਨੂੰ ਲਭਣ ਦਾ ਵਲ ਦਸਿਆ। ਸ਼ੋਕ ਇਹ ਹੈ ਕਿ ਸਾਡੇ ਵਿਚ ਉਹਨਾਂ ਦੇ ਉਪਦੇਸ਼ ਸੁਣ ਸਕਣ ਦਾ ਹੀਆ ਵੀ ਨਹੀਂ ਰਿਹਾ। ਉਹਨਾਂ ਦੀ ਜੀਵਨ-ਉਭਾਰੂ ਬਾਣੀ ਨੂੰ ਪੜ੍ਹਿਆਂ ਪਤਾ ਲਗਦਾ ਹੈ ਕਿ ਕਿਸੇ ਅਖ਼ਲਾਕੀ ਦਲੇਰੀ ਨਾਲ ਮਨੁੱਖ ਦੀ ਹਰ ਅਵਸਥਾ ਨੂੰ ਗੁਰੂ ਸਾਹਿਬ ਨੇ ਛੁਹਿਆ ਤੇ ਸਵਾਰਿਆ ਹੈ। ਮਨੁਖੀ ਹਿਰਦੇ ਦੇ ਵਲਵਲਿਆਂ ਨੂੰ ਕਥਨ ਕਰ ਕੇ ਪਰਵਾਨਗੀ ਦੀ ਮੁਹਰ ਲਾਈ। ਸਾਡੇ ਅਖ਼ਲਾਕ ਦੀ ਅਖੌਤੀ ਪਵਿੱਤਰਤਾਈ ਉਨ੍ਹਾਂ ਗੱਲਾਂ ਦੇ ਪੜ੍ਹਨ ਦੀ ਤਾਬ ਨਹੀਂ ਰੱਖਦੀ ਜਿਹੜੀਆਂ ਗੁਰੂ ਸਾਹਿਬ ਨੇ 'ਦਸਮ ਗ੍ਰੰਥ' ਵਿਚ ਇਕੱਤਰ ਕੀਤੀਆਂ ਹਨ।

ਗੁਰੂ ਸਾਹਿਬ ਦੀ ਕਵਿਤਾ ਵਿਚ ਅਜਬ ਜੋਬਨ ਹੈ, ਨਿਰਾਲੀ ਮਟਕ ਹੈ, ਅਨੋਖਾ ਰਸ ਤੇ ਲਾਸਾਨੀ ਬਲ ਹੈ। ਦਿਲੀ ਅਹਿਸਾਸਾਂ, ਰੀਝਾਂ, ਤਾਂਘਾਂ ਤੇ ਜਜ਼ਬਿਆਂ ਨੂੰ ਬੜੀ ਖੂਬੀ ਤੇ ਦਲੇਰੀ ਨਾਲ ਪ੍ਰਗਟ ਕੀਤਾ ਹੈ। ਏਡੀ ਦਲੇਰੀ ਪਵਿੱਤਰ ਅਖ਼ਲਾਕ, ਦ੍ਰਿੜ੍ਹ ਕਾਬੂ ਵਾਲੇ ਰਸਿਕ ਪੁਰਖ ਵਿਚ ਹੀ ਵੇਖੀ ਜਾ ਸਕਦੀ ਹੈ। ਸਾਡੇ ਪ੍ਰਚਲਤ ਅਖ਼ਲਾਕ ਦਾ ਪਰਦਾ ਏਡਾ ਪਤਲਾ ਹੈ ਕਿ ਮਾੜੇ ਜਿਹੇ ਵਲਵਲਿਆਂ ਦਾ ਸੇਕ ਵੀ ਨਹੀਂ ਸਹਾਰ ਸਕਦਾ। ਗੁਰੂ ਸਾਹਿਬ ਨੇ 'ਦਸਮ ਗ੍ਰੰਥ' ਵਿਚ ਦਸਿਆ ਹੈ ਕਿ ਜਿੰਨਾ ਚਿਰ ਝੂਠੀ ਲਜਿਆ ਦਾ ਘੁੰਗਟ ਉਤਾਰ ਕੇ ਅਸੀਂ ਜ਼ਿੰਦਗੀ ਨੂੰ ਮੂੰਹ-ਬ-ਮੂੰਹ ਅੱਖਾਂ ਭਰ ਕੇ ਵੇਖਣ ਦੀ ਦਲੇਰੀ ਪੈਦਾ ਨਹੀਂ ਕਰ ਸਕਦੇ, ਓਨਾ ਚਿਰ ਜ਼ਿੰਦਗੀ ਦੀ ਸਾਨੂੰ ਪੂਰੀ ਪਛਾਣ ਨਹੀਂ ਆ ਸਕਦੀ, ਤੇ ਜਿਸ ਦੀ ਪੂਰੀ ਪਛਾਣ ਨਹੀਂ ਉਹਦਾ ਸਹਿਮ ਲਗਾ ਹੀ ਰਹੇਗਾ। ਜੇ ਪੂਰਨ ਭੈ ਤੋਂ ਨਿਰਭਉ ਹੋਣਾ ਲੋੜਦੇ ਹੋ, ਤਾਂ ਗੁਰੂ ਸਾਹਿਬ ਦੇ ਉਪਦੇਸ਼ ਅਨੁਸਾਰ ਤਕੜੇ ਹੋ ਕੇ ਜ਼ਿੰਦਗੀ ਨਾਲ ਅੱਖ ਮਿਲਾਓ। ਜਿਥੇ ਤੁਸੀਂ ਅੱਖ ਨੀਵੀਂ ਕੀਤੀ, ਉਥੇ ਇਸ ਨੇ ਤੁਹਾਡੇ ਉਤੇ ਪਲਾਕੀ ਮਾਰੀ, ਤੇ ਦਯਾ ਦੀ, ਧਰਮ ਦੀ, ਲਾਜ ਦੀ, ਪਾਪ ਦੀ, ਪੁੰਨ ਦੀ, ਜਿਹੜੀ ਵੀ ਲਗਾਮ ਚੜ੍ਹਦੀ ਹੈ ਉਹ ਇਹ ਚਾੜ੍ਹ ਦੇਵੇਗੀ।

[ ਜਨਵਰੀ ੧੯੩੫

ਸਥਾਈ ਕਾਲਮ

# ਆਪਣੇ ਲੋਕ

ਅਜਮੇਰ ਰੋਡੇ

"ਸੱਚੀ ਤੁਸੀਂ ਚਾਹ ਪੀ ਕੇ ਜ਼ਰਾ ਛੇਤੀ ਤਿਆਰ ਹੋ ਜਾਂਦੇ ਆਪਾਂ ਸਟੋਰ ਤੇ ਚਲਣਾ ਐ।" ਪਿੰਦੀ ਨੇ ਆਪਣੇ ਚਾਰ ਸਾਲ ਦੇ ਬਬਲੂ ਤੇ ਦੋ ਸਾਲ ਦੀ ਪਿੰਕੀ ਨੂੰ ਕਾਹਲੀ ਕਾਹਲੀ ਤਿਆਰ ਕਰਦਿਆਂ ਸੁਖਦੇਵ ਨੂੰ ਕਿਹਾ।

"ਕਿਉਂ ਕੋਈ ਜ਼ਰੂਰੀ ਚੀਜ਼ ਲਿਆਉਣੀ ਐ?"

"ਚੀਜ਼ਾਂ ਦੀ ਜ਼ਰੂਰਤ ਤਾਂ ਪੈਂਦੀ ਹੀ ਰਹਿੰਦੀ ਹੈ ਨਾਲੇ ਅੱਜ ਫੈਸ਼ਨ ਵਾਲਿਆਂ ਨੇ ਓਪਨਿੰਗ ਸੇਲ ਲਾਈ ਹੋਈ ਐ।"

"ਸੇਲ ਤਾਂ ਸਟੋਰਾਂ ਵਾਲੇ ਨਿੱਤ ਹੀ ਲਾਈ ਰਖਦੇ ਐ, ਜੇ ਕੋਈ ਜ਼ਰੂਰੀ ਚੀਜ਼ ਲਿਆਉਣੀ ਐਂ ਤਾਂ ਚਲੀਏ।"

"ਓਪਨਿੰਗ ਸੇਲ ਨਿੱਤ ਨਿੱਤ ਥੋੜੇ ਲਾਈ ਰਖਦੇ ਐ, ਤੁਸੀਂ ਐਵੇਂ ਚਲ ਕੇ ਦੇਖੋ ਚੀਜ਼ਾਂ ਅੱਧੀ ਅੱਧੀ ਕੀਮਤ ਤੇ ਲਾਈਆਂ ਪਈਆਂ; ਤਾਰੀ ਦਾ ਹੁਣੇ ਫੋਨ ਆਇਆ ਸੀ ਉਹ ਵੀ ਚਲੇ ਐ।"

ਸੁਖਦੇਵ ਬਿਨਾਂ ਜ਼ਿਆਦਾ ਬਹਿਸ ਕਰਨ ਦੇ ਤਿਆਰ ਹੋ ਗਿਆ। ਉਸ ਨੂੰ ਪਤਾ ਸੀ ਸ਼ਾਪਿੰਗ ਕਰੇ ਤੋਂ ਬਿਨਾਂ ਪਿੰਦੀ ਟਲਣ ਵਾਲੀ ਨਹੀਂ, ਤੇ ਮੂਡ ਖ਼ਰਾਬ ਕਰਨ ਤੋਂ ਸਟੋਰ ਜਾਣਾ ਹੀ ਚੰਗਾ ਐ। ਵੈਸੇ ਤਾਂ ਆਉਣ ਤੋਂ ਕੁਝ ਮਹੀਨੇ ਪਿੱਛੋਂ ਹੀ ਪਿੰਦੀ ਨੂੰ ਸੇਲਾਂ ਦਾ ਬੁਖ਼ਾਰ ਚੜ੍ਹ ਗਿਆ ਸੀ। ਕਾਰ 'ਚ ਬੈਠਦਿਆਂ ਹੀ ਸੁਖਦੇਵ ਨੇ ਪਿੰਦੀ ਨੂੰ ਸਮਝਾਉਣਾ ਸ਼ੁਰੂ ਕਰ ਦਿਤਾ—

"ਦੇਖ ਪਿੰਦੀ ਤੂੰ ਇਨ੍ਹਾਂ ਸਟੋਰਾਂ ਵਾਲਿਆਂ ਦੀ ਚਲਾਕੀ ਨਹੀਂ ਸਮਝਦੀ, ਜੇ ਇਹ ਹਰ ਰੋਜ਼ ਹੀ ਚੀਜ਼ਾਂ ਸੇਲ ਤੇ ਲਾਈ ਰੱਖਣ ਤਾਂ ਇਨ੍ਹਾਂ ਨੂੰ ਪਰੌਫਿਟ ਕਿਥੋਂ ਹੋਣ? ਤੈਨੂੰ ਪਤੈ? ਪਿਛਲੇ ਸਾਲ ਫੈਸ਼ਨ ਵਾਲਿਆਂ ਦਾ ਨੈੱਟ ਮੁਨਾਫ਼ਾ ਦਸ ਮਿਲੀਅਨ ਡਾਲਰ ਸੀ।"

"ਸੇਲ ਸਾਰੇ ਸਟੋਰਾਂ ਵਾਲੇ ਇਕੱਠੀ ਥੋੜ੍ਹਾ ਹੀ ਲਾਉਂਦੇ ਐ, ਕਦੀ ਕਿਸੇ ਸਟੋਰ ਦੇ ਲਗੀ ਹੁੰਦੀ ਹੈ ਕਦੀ ਕਿਸੇ ਦੇ; ਆਪੋ ਵਿਚਦੀ ਮੁਕਾਬਲੇ ਤੇ ਲਾਉਂਦੇ ਐ।"

"ਏਹੀ ਤਾਂ ਤੈਨੂੰ ਪਤਾ ਨੀ। ਉਤੋਂ ਉਤੋਂ ਇਹ ਸਟੋਰਾਂ ਵਾਲੇ ਆਪੋ ਵਿਚਦੀ ਮੁਕਾਬਲਾ ਦਿਖਾਉਂਦੇ ਐ, ਅੰਦਰੋਂ ਸਭ ਇੱਕੋ ਹਨ। ਆਪੋ ਵਿਚਦੀ ਇਕੱਠੀਆਂ ਗੁਪਤ ਮੀਟਿੰਗਾਂ ਕਰਦੇ ਹਨ ਕਿ ਅਸੀਂ ਤੁਸੀਂ ਫਲਾਣੀ ਚੀਜ਼ ਸੇਲ ਤੇ ਲਾ ਦਿਓ, ਅਸੀਂ ਫਲਾਣੀ ਲਾ ਦਿੰਦੇ ਹਾਂ। ਇਸ ਚੀਜ਼ ਦੀ ਕੀਮਤ ਤੁਸੀਂ ਵੀ ਵਧਾ ਦਿਓ ਅਸੀਂ ਵੀ ਵਧਾ ਦਿੰਦੇ ਹਾਂ। ਜਿੰਨਾ ਉਹ ਸੇਲ 'ਚ ਘਾਟਾ ਖਾਂਦੇ ਹਨ ਉਸ ਨਾਲੋਂ ਵੱਧ ਜ਼ਰੂਰੀ ਵਸਤਾਂ ਦੀਆਂ ਕੀਮਤਾਂ ਵਧਾ ਕੇ ਨਫ਼ਾ ਕਮਾ ਲੈਂਦੇ ਹਨ। ਅਸਲ ਤਾਂ ਉਹ ਸੇਲ ਵਿਚ ਵੀ ਘਾਟਾ ਨਹੀਂ ਖਾਂਦੇ।"

"ਰਹਿਣ ਦਿਓ ਜੀ ਤੁਸੀਂ ਆਪਣੀਆਂ ਫਲਾਸਫੀਆਂ ਨੂੰ ਜਿਹੜੀ ਚੀਜ਼ ਸਾਫ਼ ਹੀ ਅੱਧੇ ਮੁੱਲ ਤੇ ਲੱਗੀ ਹੋਈ ਐ ਉਹਦੇ 'ਚ ਭਲਾ ਕਿਵੇਂ ਨਫ਼ਾ ਕਮਾਂਦੇ ਐ?"

"ਕਈ ਵਾਰ ਤਾਂ ਇਓਂ ਕਰਦੇ ਐ ਪਹਿਲਾਂ ਅਸਲੀ ਚੀਜ਼ ਠੀਕ ਸੇਲ ਤੇ ਲਾ ਦਿੰਦੇ ਐ ਦੂਜੇ ਦਿਨ ਤੋਂ ਉਸੇ ਚੀਜ਼ ਦੀ ਘਟੀਆ ਨਕਲ ਲਾਉਣੀ ਸ਼ੁਰੂ ਕਰ ਦਿੰਦੇ ਐ। ਕਪੜਿਆਂ 'ਚ ਤੇ ਕਾਸਮੈਟਿਕਸ ਵਿਚ ਤਾਂ ਅਕਸਰ ਹੀ ਇਸ ਤਰ੍ਹਾਂ ਕਰਦੇ ਐ। ਬਹੁਤੀ ਵਾਰੀ ਚੀਜ਼ਾਂ ਦੀਆਂ ਕੀਮਤਾਂ ਪਹਿਲਾਂ ਆਪੇ ਵਧਾ ਦਿੰਦੇ ਐ ਤੇ ਫੇਰ ਅਸਲੀ ਕੀਮਤ ਲਾ ਕੇ ਉਸ ਨੂੰ ਮੋਟੇ ਅੱਖਰਾਂ ਵਿਚ ਸੇਲ ਤੇ ਲਿਖ ਦਿੰਦੇ ਐ। ਉਂ ਤਾਂ ਉਨ੍ਹਾਂ ਦੀ ਅਸਲੀ ਕੀਮਤ ਵਿਚ ਹੀ ਲੋੜ ਤੋਂ ਵੱਧ ਪਰੌਫਿਟ ਸ਼ਾਮਲ ਹੁੰਦਾ ਐ।"

"ਚਲੋ ਠੀਕ ਐ ਤੁਹਾਨੂੰ ਏਥੋਂ ਦਾ ਬਹੁਤਾ ਪਤਾ ਐ, ਸਾਡੇ ਵਰਗੇ ਘੁੱਗੂ ਹੀ ਸਹੀ; ਤੁਹਾਡੇ ਖਿਆਲ 'ਚ ਤਾਂ ਸਟੋਰ ਵਾਲੇ ਲੋਕਾਂ ਨਾਲ ਠੱਗੀ ਹੀ ਮਾਰਦੇ ਐ।"

"ਦੁਨਿਆਂ ਨਾਲ ਧੋਖਾ ਠੱਗੀ ਕਰਨੀ ਤਾਂ ਸਰਮਾਏਦਾਰੀ ਸਮਾਜ ਵਿਚ ਚੱਲੇ ਆਦਾਂ ਦੇ ਰੂਪ 'ਚ ਹੀ ਰੂਪ ਲੈਂਦੇ ਐ, ਤੇ ਫੇਰ ਵੱਡੇ ਸਟੋਰਾਂ ਵਾਲੇ......?"

"ਹੱਛਾ ਸ੍ਰੀਮਾਨ ਸਾਹਿਬ, ਹੁਣ ਮੈਨੂੰ ਤੇ ਪਿੰਕੀ ਨੂੰ ਉਤਾਰੋ ਤੇ ਤੁਸੀਂ ਦੋਨੋਂ ਕਾਰ ਪਾਰਕ ਕਰਕੇ ਦੂਜੇ ਫਲੋਰ ਤੇ ਕਪੜਿਆਂ ਵਾਲੇ ਸੈਕਸ਼ਨ ਵਿਚ ਆ ਜਾਇਓ।"

ਪਿੰਦੀ ਤੇਜ਼ੀ ਨਾਲ ਸਟੋਰ ਵਿਚ ਵੜ ਗਈ ਜਿਵੇਂ ਸਟੋਰ ਨੂੰ ਉਹਦੀ ਪਈ ਹੋਵੇ। ਅੰਦਰ ਅੱਗ ਲਗਣ ਵਾਂਗ ਹਾਹਾਕਾਰ ਤੇ ਭਗਦੜ ਮੱਚੀ ਹੋਈ ਸੀ। ਥਾਂ ਥਾਂ ਮੋਟੇ ਮੋਟੇ ਲਾਲ ਅੱਖਰਾਂ ਵਿਚ ਸੇਲ ਸੇਲ ਲਿਖਿਆ ਹੋਇਆ ਸੀ। ਪਿੰਦੀ ਪਿੰਕੀ ਨੂੰ ਕੁੱਛੜ ਚੁੱਕੀ ਭੀੜ ਨੂੰ ਚੀਰਦੀ ਫੁਰਤੀ ਨਾਲ ਦੂਜੇ ਫਲੋਰ ਤੇ ਕਪੜਿਆਂ ਵਾਲੇ ਸੈਕਸ਼ਨ ਵਿਚ ਪਹੁੰਚ ਗਈ। ਕੁਝ ਮਿੰਟਾਂ ਵਿਚ ਹੀ ਉਸ ਨੇ 60, 70 ਬਲਾਊਜ਼, ਪੈਂਟਾਂ ਤੇ ਹੋਰ ਕਈਆਂ

ਆਇ ਉਸਦਾ ਪੁਰਸ਼ ਕਰ ਦਿਤੇ ਜਿਵੇਂ ਬਰਸਾਤਾਂ ਦੇ ਮੌਸਮ ਕਪੜਿਆਂ ਨੂੰ ਹਵਾ ਸੁਕਾਉਂਦੀ ਹੋਵੇ। ਇਕ ਨੀਲੇ ਰੰਗ ਦੀ ਪੈਂਟ ਤੇ ਕਾਲੀ ਬਲਾਉਜ਼ ਖੱਬੇ ਹੱਥ ਵਿਚ ਫੜ੍ਹ ਲਏ ਤੇ ਦੂਜੀ ਨਾਈਲੋਨ ਵਿਚ ਰਲੀ ਗਈ — ਉਥੇ ਹੋਰ ਵਧੀਆ ਵਧੀਆ ਕਪੜੇ ਵੇਖਕੇ ਹੈਰਾਨ ਰਹਿ ਗਈ... ਏਨੀ ਥੋੜ੍ਹੀ ਕੀਮਤ?...... ਭਾਰੀ ਡਾਲਰਾਂ ਵਾਲਾ ਸੂਟ ਹੁਣ ਸਿਰਫ਼ ਨੌਂ ਡਾਲਰ ਵਿਚ! ਉਸ ਦਾ ਮੂੰਹ ਵੀ ਅੱਡਿਆ ਰਹਿ ਗਿਆ। ਪਹਿਲੇ ਵਾਲੀ ਪੈਂਟ ਤੇ ਬਲਾਉਜ਼ ਉਥੇ ਹੀ ਰੱਖ ਦਿਤੇ ਤੇ ਇਕ ਨਵਾਂ ਹਲਕ ਕਲਰ ਦਾ ਪੈਂਟ-ਸੂਟ ਚੁੱਕ ਕੇ ਵੱਖ ਰਖ ਲਿਆ। ਪਿੰਕੀ ਉਸ ਦੇ ਨਾਲ ਨਾਲ ਫਿਰਦੀ ਬੋਰ ਜਿਹੀ ਗਈ ਸੀ। ਉਸ ਨੇ ਸੋਚਿਆ ਮਾਮਾਂ ਇਸਨੂੰ ਕਿਤੇ ਵੇਖੀ ਜੇ ਇਥਾਂ ਫਿਰਦੀ ਲਿਵਿੰਗ ਰੂਮ ਵਿਚ ਜਾਵਾਂਗੀ; ਉਸ ਦੀ ਮਾਂ ਵੀ ਲਿਵਿੰਗ ਰੂਮ ਵਲ ਪਏ ਲੇ ਬਾਹਰ ਦੀ ਕਈ ਔਰਤਾਂ ਹੈਂਗਰਾਂ ਤੇ ਸੂਟ, ਜੈਕਟਾਂ ਚੁਕੀ ਵੇਖ ਰਹੀਆਂ ਸਨ। ਕਪੜਿਆਂ ਵਾਲੇ ਸੈਕਸ਼ਨ 'ਚੋਂ ਨਿਕਲੀ ਤਾਂ ਇਕ ਥਾਂ ਢੇਰਾਂ ਦੇ ਢੇਰ ਕਮਰੇ, ਲਾਈਟ, ਟੇਬਲ ਆਦਿ ਲਗੇ ਤੇ ਸਜੇ ਹੋਏ ਸਨ। ਡਿੰਪੀ ਦੇ ਪੈਰ ਉਥੇ ਹੀ ਰੁਕ ਗਏ ਤੇ ਉਸ ਦੇ ਹੱਥ ਕਮਰਿਆਂ ਨੂੰ ਇਕੱਠਿਆਂ ਦੇ ਕਮਰੇ ਕੁਰਦ ਲੱਗ ਪਏ। ਕਮਰਾਂ ਹੱਥਾਂ ਵਿਚ ਡਿੰਪੀ ਦੇ ਹੱਥ ਦੀ ਤੇਜ਼ ਤੇਜ਼ ਚਲ ਰਹੇ ਸਨ। ਪਿੰਕੀ ਹੁਣ ਬਹੁਤ ਥਾਕੀ ਪੈ ਚੁਕੀ ਸੀ। ਡਿੰਪੀ ਕਮਰੇ ਚੁੱਕ ਕੇ ਤੇ ਸੂਟ ਲਾਂਭੇ ਕਰ ਅਜੇ ਸੈਕਸ਼ਨ ਵਿਚ ਗਈ ਤਾਂ ਲਾਊਡਸਪੀਕਰ 'ਤੇ ਆਵਾਜ਼ ਆਈ:

"ਮਿਸਟਰ ਸੋਫ਼ੀਆ ਮਿਸਟਰ, ਦੇ ਗੀਅਰ ਸਰਪਰਾਈਜ਼ ਸੇਲ ਫ਼ਾਰ ਯੂ ... ... ..." ਤੇ ਫੇਰ ਸਪੀਕਰ ਵਾਲੇ ਨੇ ਦਿਤਾ — ਸੇਲ ਨੰਬਰ ਤ ਉਤੇ ਸਾਰੇ ਕਪੜੇ ਪਹਿਲਾਂ ਨਾਲੋਂ ਸਿਰਫ਼ ਚੌਥਾ ਹਿੱਸਾ ਕੀਮਤ ਸੇਲ ਤੇ — ਹਾਂ, ਸਰਪਰਾਈਜ਼ ਸੇਲ ਸਿਰਫ 15 ਮਿੰਟ ਵਾਸਤੇ ਹੈ।"

ਡਿੰਪੀ ਭਾਂਵੀ ਜਾਂਦੀ ਕਦਕੇ ਨਾਲ ਮੁੜੀ। ਉਸ ਨੇ ਇਕ ਪਾਸੇ ਪਿੰਕੀ ਖੜੀ ਹੋਈ ਸੀ ਤੇ ਦੂਜੇ ਹੱਥ ਵਿਚ ਸੂਟ ਤੇ ਕਿਮਰੇ — ਸੇਲ ਨੰਬਰ ਤ ਵੱਲ ਭਾਂਦੀ ਜਾਂਦੀ ਨੇ ਕਿਮਰੇ, ਕਲ ਫੇਰ ਚੁਕ ਲਵਾਂਗੇ ਸੋਚਕੇ, ਸੇਲ ਤੇ ਵਗਾਹ ਸੂਟ ਦਿਤੇ ਤੇ ਸੇਲ ਨੰਬਰ ਤਿਨ ਤੇ ਪਹੁੰਚਦਿਆਂ ਹੀ ਪਹਿਲਾ ਸੂਟ ਵਗਾਹ ਕੇ ਮਾਰਿਆ। ਅਨੇਕਾਂ ਹੋਰ ਔਰਤਾਂ ਉਥੇ ਪਹੁੰਚ ਚੁਕੀਆਂ ਸਨ ਤੇ ਇਕ ਦੂਜੀ ਦੇ ਹੱਥੋਂ ਖੋਹਣ ਤਕ ਜਾਂਦੀਆਂ ਸਨ। ਡਿੰਪੀ ਨੇ ਖਿੱਚ ਧੂ ਕੇ ਇਕ ਪੈਂਟਸੂਟ ਕਾਬੂ ਕਰ ਲਿਆ ਸਿਰਫ਼ ਪੰਜ ਡਾਲਰਾਂ ਵਿਚ! ਹੁਣ ਹੱਥੋਂ ਵਧ ਖੁਸ਼ ਸੀ ਇਤਨੇ ਨੂੰ ਬਬਲੂ ਤੇ ਸੁਖਦੇਵ ਵੀ ਆ ਪਹੁੰਚੇ — ਪਿੰਕੀ ਹੁਣ ਰੋ ਰਹੀ ਸੀ।

"ਕਿਉਂ ਆਇਆ ਕੁਝ ਕਾਬੂ ਕਿ ਨਹੀਂ?" ਸੁਖਦੇਵ ਨੇ ਮਜ਼ਾਕ ਨਾਲ ਪੁੱਛਿਆ।

"ਸੁੱਖੀ, ਜੀਅਣੀ ਤੁਸੀਂ ਯਕੀਨ ਨਹੀਂ ਕਰਨਾ, ਕੀਮਤਾਂ ਘਟੀਆਂ ਸਸਤੀਆਂ ਲੱਗੀਆਂ ਹੋਈਆਂ ਨੇ। ਇਤਨੇ ਨੂੰ ਇਕ ਹੋਰ ਸਰਪਰਾਈਜ਼ ਸੇਲ ਦਾ ਐਲਾਨ ਹੋਇਆ। ਡਿੰਪੀ, ਪਿੰਕੀ ਤੇ ਬਬਲੂ ਨੂੰ ਸੁਖਦੇਵ ਦੇ ਹਵਾਲੇ ਕਰਕੇ ਪਹਿਲੇ ਤਰ੍ਹਾਂ ਤੇ ਫੁਰਤੀ ਨਾਲ ਸੇਲ ਵਾਲੀ ਥਾਂ ਤੇ ਪਹੁੰਚ ਗਈ — ਕੁਝ ਮਿੰਟਾਂ ਵਿਚ ਹੀ ਮਗਰੇ ਮਗਰੇ ਸੁਖਦੇਵ ਵੀ ਬੱਚਿਆਂ ਸਣੇ ਉਥੇ ਪਹੁੰਚ ਗਿਆ। ਇਸ ਵਾਰ ਡਿੰਪੀ ਦੇ ਪਹੁੰਚਣ ਤੋਂ ਪਹਿਲਾਂ ਹੀ ਬਹੁਤ ਸਾਰੇ ਲੋਕ ਕਾਊਂਟਰ ਦੇ ਤੱਬਿਆਂ 'ਤੇ ਟੁੱਟ ਕੇ ਪੈ ਗਏ ਸਨ। ਸੁਖਦੇਵ ਨੂੰ ਪਹੁੰਚਿਆ ਵੇਖ ਡਿੰਪੀ ਨੇ ਤੇਜ਼ੀ ਨਾਲ ਕਿਹਾ:

"ਵੇਖਦੇ ਨਹੀਂ ਲੋਕ ਕਿਵੇਂ ਧੜਾ ਧੜ ਤੱਬੇ ਚੁਕ ਰਹੇ ਹਨ ਤੁਸੀਂ ਤੁਕ ਤਾਂ ਚੁੱਕ ਲਓ।"

ਸੁਖਦੇਵ ਨੇ ਜਦੋਂ ਤੱਕਾਂ ਕਾਹਲਿਆਂ ਕਾਊਂਟਰ ਵਿਚ ਵੜ ਕੇ ਚਾਰ ਪੰਜ ਤੱਬੇ ਚੁਕ ਲਏ; ਅਚਾਨਕ ਖੱਬੇ ਪਾਸਿਓਂ ਇਕ ਗੋਰੀ ਔਰਤ ਨੇ ਦੋ ਤੱਬਿਆਂ ਨੂੰ ਹੱਥ ਪਾ ਲਿਆ, ਖੱਬੇ ਪਾਸਿਓਂ ਇਕ ਕਾਲੀ ਕਰੇਬੀਅਨ ਔਰਤ ਦਾ ਸੁਖਦੇਵ ਨੂੰ ਧੱਕਾ ਲੱਗਾ ਤੇ ਉਹ ਡਿਗਦਾ ਡਿਗਦਾ ਮਸਾਂ ਬਚਿਆ। ਉਸ ਨੇ ਛਿੱਥਾ ਜਿਹਾ ਹੋਇਆਂ ਸਾਰੇ ਤੱਬੇ ਉਥੇ ਹੀ ਸੁੱਟ ਦਿਤੇ ਤੇ ਗੁੱਸੇ ਨਾਲ ਡਿੰਪੀ ਨੂੰ ਬੋਲਿਆ:

"ਤੂੰ ਬਣੀ ਜਾ ਬੇਵਕੂਫ਼ ਬਣਨਾ ਈ ਤਾਂ, ਅੱਗੋਂ ਨੀ ਖੜੀਦਾ ਏਥੇ; ਜਦੋਂ ਚਾਅ ਲਹਿ ਗਏ ਪਿੱਛੋਂ ਪਾਰਕਿੰਗ ਵਿਚ ਆ ਜੀਂ।" ਸੁਖਦੇਵ ਨੇ ਬਬਲੂ ਤੇ ਪਿੰਕੀ ਨੂੰ ਨਾਲ ਲਿਜਾਣ ਦੀ ਕੋਸ਼ਿਸ਼ ਕੀਤੀ, ਦੋਵੇਂ ਮਾਂ ਨਾਲ ਰਹਿਣ ਲਈ ਜ਼ਿੱਦ ਪੈ ਗਏ; ਸੁਖਦੇਵ ਇਕੱਲਾ ਹੀ ਕਾਰ ਵੱਲ ਤੁਰ ਗਿਆ।

"ਸੁੱਖੀ ਪਲੀਜ਼" ਡਿੰਪੀ ਨੇ ਉਸਨੂੰ ਰੋਕਣ ਦਾ ਯਤਨ ਕੀਤਾ ਪਰ ਉਹ ਕਹਿਆ ਪੀਤਾ ਸਟੋਰੋਂ ਬਾਹਰ ਨਿਕਲ ਗਿਆ। ਡਿੰਪੀ ਨੇ ਸਟੋਰ ਚੋਂ ਹੋਰ ਤੱਕ ਸਾਰ ਟਰੋਲੇ ਭਰ ਲਏ। ਬਬਲੂ ਤੇ ਪਿੰਕੀ ਨੂੰ ਕੈਂਡੀਆਂ ਦੀ ਲੈ ਦਿੱਤੀਆਂ; ਪਿੰਕੀ ਇਕਾਗੀ ਨੂੰ ਦੋ ਚਾਰ ਖਿਡੌਣਿਆਂ ਦੀ ਲੈ ਦਿੱਤੀਆਂ। ਉਸ ਨੇ ਤੇਜ਼ੀ ਨਾਲ ਕਮੀਜ਼ਾਂ, ਪੁਰਸ਼ਾਂ, ਤਿਮਰੇ, ਪੇਪਰ ਟਾਵਲ, ਸਰਾਫਟੇਬਾਂ, ਤੇਅਰ ਸਪਰੇਆਂ, ਕਲੀਨੈਕਸ, ਪੈਂਟ ਸੂਟ, ਬਬਲੂ ਦੀਆਂ ਜਿੱਕਾਂ ਅਤੇ ਸਨੈਕਾਂ ਹੋਰ ਚੀਜ਼ਾਂ ਨਾਲ ਪੱਗੀ ਭਰ ਲਈ ਤੇ ਜਾ ਕੇ ਲੰਮੀ ਕਤਾਰ ਵਿਚ ਖੜੀ ਹੋ ਗਈ। ਪਿੰਕੀ ਅੱਕ ਕੇ ਫਰਸ਼ 'ਤੇ ਬਿਹ ਗਈ; ਬਬਲੂ ਮੰਮੀ ਨੂੰ ਕਤਾਰ ਵਿਚ ਬੱਧੀ ਖੜੀ ਵੇਖ ਕੇ ਆਸ ਪਾਸ ਦੀਆਂ ਚੀਜ਼ਾਂ ਨੂੰ ਹੱਥ ਮਾਰਨ ਲੱਗ ਪਿਆ। ਡਿੰਪੀ ਨੇ ਕਈ ਵਾਰ ਬਬਲੂ ਵਲ ਘੂਰੀ ਵੱਟ ਕੇ ਵੇਖਿਆ ਪਰ ਉਹ ਸ਼ਰਤ ਸੀ। ਕਾਫ਼ੀ ਦੇਰ ਪਿਛੋਂ ਡਿੰਪੀ ਕਾਊਂਟਰ ਕੋਲ ਪਹੁੰਚੀ; 55 ਡਾਲਰ ਦਾ ਬਿੱਲ ਬਣਿਆ। ਡਿੰਪੀ ਨੇ ਪਰਸ ਵਿਚ ਹੱਥ ਮਾਰਿਆ ਤਾਂ ਰੰਗ ਉਡ ਗਿਆ; ਕ੍ਰੈਡਿਟ ਕਾਰਡ ਸੁਖਦੇਵ ਕੋਲ ਸੀ ਜੋ ਹੁਣ ਕਾਰ ਵਿਚ ਬੈਠਾ ਸੀ। ਸਿਰਫ਼ ਵੀਹ ਡਾਲਰ ਦਾ ਨੋਟ ਸੀ।

"ਤੁਹਾਡੇ ਕੋਲ ਪਰਸਨਲ ਚੈੱਕ ਚੱਲਦੇ ਹਨ? ਮੇਰੀ ਚੈੱਕ ਬੁੱਕ ਕਾਰ ਵਿਚ ਰਹਿ ਗਈ ਏ।" ਡਿੰਪੀ ਨੇ ਕੈਸ਼ੀਅਰ ਗਰਲ ਤੋਂ ਰੋਣਿਆਂ ਵਾਂਗ ਪੁੱਛਿਆ। ਕੈਸ਼ੀਅਰ ਗਰਲ ਡਿੰਪੀ 'ਤੇ ਜ਼ਿਆਦਾ ਰੋਹ ਜ਼ਾਹਿਰ ਕਰਨ ਪਹਿਲਾਂ

ਹੀ ਰੁਕ ਔਖੀ ਜਿਹੀ ਹੋ ਰਹੀ ਸੀ।

"ਨੋ ਮੈਰੀ, ਫ਼ਨੀ ਫੇਸ ਹੈਂਡ." ਵਰਿਆਮ ਨੇ ਕਾਹਲੀ ਪੈਂਦਿਆਂ ਕਿਹਾ। ਚਿੜੀ ਨੂੰ ਬੇਬਸ ਜਿਹੀ ਵੇਖਕੇ ਉਸ ਨੇ ਕਿਹਾ: "ਅਸੀਂ ਤੇਰਾ ਸਾਮਾਨ ਹੋਸਟਲ ਰਖ ਲੈਂਦੇ ਹਾਂ ਪਰ ਸਵੇਰ ਬਸ ਪੌਣ ਵਿਚ ਜਿਹੜੇ 7 ਸਿਟ ਰਹਿੰਦੇ ਨੇ ਸੋ ਉਸ ਤੋਂ ਪਹਿਲਾਂ ਪਹਿਲਾਂ ਫੈਰਫੈਕਸ ਕਾਰ 'ਚੋਂ ਲਿਆ ਸਕਦੀਆਂ ਤਾਂ ਲੈ ਆ।"

'ਥੈਂਕਸ' ਕਹਿ ਕੇ ਚਿੜੀ ਨੇ ਪਿੰਕੀ ਨੂੰ ਚੁਕਿਆ ਤੇ ਬਕਸੇ ਨੂੰ ਬਹੁਤ ਸਾਰੀਆਂ ਕੋਠੀਆਂ ਵੱਲ ਦੇ ਬਹਾਨੇ ਨਾਲ ਭਜਾ ਲਿਆ। ਫੈਕਟਰੀ ਹੋਈ ਕਾਰ ਕੋਲ ਪਹੁੰਚੀ ਤੇ ਬੋਲੀ:

"ਤੁਸੀਂ ਔਖੇ ਸੌਖ ਨਾਲ ਫੈਰਫੈਕਸ ਲੈ ਕੇ ਚੱਲੋ ਰਹੋ, ਮੇਰਾ ਜਾਣ ਨੀ ਦੇਖਦੇ।" ਸੁਖਦੇਵ ਨੇ ਚਿੜੀ ਦਾ ਮੂੰਹ ਵੇਖਿਆ ਤਾਂ ਉਸ 'ਤੇ ਤਰਸ ਜਿਹਾ ਆ ਗਿਆ। ਪਿੰਕੀ ਤੇ ਬਕਸੇ ਨੂੰ ਪਿਛਲੇ ਆਪਣੇ ਕੋਲ ਬਿਠਾ ਲਿਆ ਤੇ ਚਿੜੀ ਨੂੰ ਫੈਰਫੈਕਸ ਵਲ ਤੋਰ ਦਿਤੀ। ਉਸ ਨੂੰ ਚਿੜੀ 'ਤੇ ਗੁੱਸਾ ਵੀ ਆਉਂਦਾ ਤੇ ਹਮਦਰਦੀ ਵੀ, ਤੇ ਇਸ ਸਭ ਕਾਸੇ ਉਤੇ ਸ਼ਰਮਿੰਦਗੀ ਜਿਹੀ ਵੀ ਹੁੰਦੀ—"ਆਪੇ ਹੌਲੀ ਹੌਲੀ ਸਮਝ ਜਾਊਗੀ"— ਉਸਨੇ ਸੋਚਿਆ ਤੇ ਉਸ ਨੂੰ ਕਿਤਾਬਾਂ ਵਾਲਾ ਵੱਲ ਦੀ ਥਾਂ ਚੁੱਪ ਰਹਿਣਾ ਹੀ ਠੀਕ ਸਮਝਿਆ।

ਕੁਝ ਦੇਰ ਪਿੱਛੋਂ ਥੱਕੀ ਟੁੱਟੀ ਘਬਰਾਈ ਚਿੜੀ ਕਾਰ ਵਿਚ ਆਪਣੀ ਥਾਂ ਆ ਕੇ ਬੈਠ ਗਈ। ਬਾਪੂ ਜੀ ਨੂੰ ਸਵੇਰੇ ਦੇ ਅਖ਼ਬਾਰ ਵਾਲੇ ਸ਼ੇਟ ਚੱਕ ਤੇ ਰੁਕੇ ਸਨ।

"ਕੀਹਨੂੰ ਕਿਹੜੀਆਂ ਕਿਹੜੀਆਂ ਚੀਜ਼ਾਂ ਸਨ? ਆਪਾਂ ਸਵੇਰੇ ਵਾਲਿਆਂ ਨੂੰ ਫੋਨ ਕਰਕੇ ਵੇਖ ਲਵਾਂਗੇ" ਸੁਖਦੇਵ ਨੇ ਜੇਬ 'ਚੋਂ ਕਾਰ ਦੀ ਚਾਬੀ ਕਢਦਿਆਂ ਪੁੱਛਿਆ।

"ਇਉਂ ਤਾਂ ਕਿਤੇ ਚਾਰ ਰਹਿਣੀਆਂ; ਮੈਂ ਕਿਹੜਾ ਨਾਲੋ ਨਾਲ ਤਾਰਿਆਂ ਤੇ ਲਿਖੀ ਗਈ ਸੀ।" ਭਰੀ ਪੀਤੀ ਚਿੜੀ ਨੇ ਜਵਾਬ ਦਿਤਾ।

"ਚਲੋ ਜੇ ਐਨੀਆਂ ਜ਼ਰੂਰੀ ਨਹੀਂ ਸੀ ਤਾਂ ਆਪੇ ਹੌਲੀ ਹੌਲੀ ਚੀਜ਼ਾਂ ਲਾਹ ਲਈਆਂ।" ਸੁਖਦੇਵ ਨੇ ਚਾਬੀ ਘੁਮਾਈ ਤੇ ਕਾਰ ਘਰ ਵਲ ਨੂੰ ਤੋਰ ਲਈ।

———•———•———•———

## ਪੰਜਾਬੀ ਲਿਟਰੇਰੀ ਐਸੋਸੀਏਸ਼ਨ

ਪੰਜਾਬੀ ਲਿਟਰੇਰੀ ਐਸੋਸੀਏਸ਼ਨ ਵੈਨਕੂਵਰ, ਬੀ.ਸੀ. ਦੀ ਪਹਿਲਾ-ਰੋਜ਼ਾ ਮੀਟਿੰਗ 11 ਸਿਤੰਬਰ 1977 ਨੂੰ ਸਭਾ ਦੇ ਪ੍ਰਧਾਨ ਸ੍ਰੀ ਸਰਵਣ ਰਾਹੀ ਦੀ ਪ੍ਰਧਾਨਗੀ ਹੇਠ ਹੋਈ। ਇਸ ਵਿਚ ਸ: ਗੁਰਬਖ਼ਸ਼ ਸਿੰਘ 'ਪ੍ਰੀਤਲੜੀ' ਦੇ ਵਿਛੋੜੇ ਉਤੇ ਡੂੰਘਾ ਦੁੱਖ ਪ੍ਰਗਟ ਕੀਤਾ ਗਿਆ ਅਤੇ ਹੇਠ ਲਿਖਿਆ ਸ਼ੋਕ-ਮਤਾ ਸਰਬਸੰਮਤੀ ਨਾਲ ਪਾਸ ਕੀਤਾ ਗਿਆ:

"ਪੰਜਾਬੀ ਲਿਟਰੇਰੀ ਐਸੋਸੀਏਸ਼ਨ ਵੈਨਕੂਵਰ, ਬੀ.ਸੀ. ਲੇਖਕ ਸ: ਗੁਰਬਖ਼ਸ਼ ਸਿੰਘ 'ਪ੍ਰੀਤਲੜੀ' ਦੇ ਚਲਾਣਾ ਕਰ ਜਾਣ ਉਪਰ ਦੁੱਖ ਪ੍ਰਗਟ ਕਰਦੀ ਹੈ। ਉਨ੍ਹਾਂ ਪੰਜਾਬੀ ਸਾਹਿਤ ਨੂੰ ਅਮੀਰ ਕਰਕੇ ਅਤੇ ਪੰਜਾਬੀ ਵਾਰਤਕ ਨੂੰ ਨਵਾਂ ਰੂਪ ਦੇ ਕੇ ਹਰ ਪੱਖੋਂ ਭਰਪੂਰ ਕੀਤਾ। ਉਹ ਆਪਣੇ ਆਪ ਵਿਚ ਇਕ ਸੰਸਥਾ ਸਨ। ਉਨ੍ਹਾਂ ਨੇ ਪੰਜਾਬੀਆਂ ਦੀ ਹਰ ਪੀੜ੍ਹੀ ਦੀ ਸੋਚ ਨੂੰ ਪੁਰਾਣੀਆਂ ਰੂੜ੍ਹੀਗਤ ਪ੍ਰੰਪਰਾਵਾਂ ਵਿਚੋਂ ਕੱਢ ਕੇ ਨਵੇਂ ਪਾਸੇ ਮੋੜਨ ਦਾ ਇਤਿਹਾਸਕ ਕੰਮ ਕੀਤਾ। ਉਨ੍ਹਾਂ ਦਾ ਘਾਟਾ ਚਿਰਾਂ ਤੱਕ ਮਹਿਸੂਸ ਹੁੰਦਾ ਰਹੇਗਾ। ਅਸੀਂ ਸਭਾ ਵਲੋਂ ਉਨ੍ਹਾਂ ਦੇ ਪਰਿਵਾਰ ਅਤੇ ਪ੍ਰੀਤਲੜੀ ਦੇ ਪਾਠਕਾਂ ਅਤੇ ਸ਼ਰਧਾਲੂਆਂ ਦੇ ਦੁੱਖ ਵਿਚ ਸ਼ਾਮਿਲ ਹੁੰਦੇ ਹੋਏ ਉਨ੍ਹਾਂ ਦੀ ਯਾਦ ਅਗੇ ਸਿਰ ਝੁਕਾਉਂਦੇ ਹਾਂ।"

ਸੂਫ਼ੀ ਅਮਰਜੀਤ
ਸੈਕ੍ਰੇਟਰੀ
ਪੰਜਾਬੀ ਲਿਟਰੇਰੀ ਐਸੋਸੀਏਸ਼ਨ
ਪੋਸਟ ਬਾਕਸ 67744
ਪੋਸਟਲ ਸਟੇਸ਼ਨ 'O'
ਵੈਨਕੂਵਰ, ਬੀ.ਸੀ. V5W 3V2

# Bear Auto Body Company Ltd.

*Specialists in Collision Repairs and Painting*

**7 Years In Business**

***New Location***

**1606 Clark Dr., Vancouver**

**Business** 251-1944

**Residence** 872-8101

**Anytime—7 Days A Week**

I.C.B.C. WORK GREAT DISCOUNTS
RESIDENTIAL WINDOWS
SPECIAL DISCOUNT ON WINDSHIELD REPLACEMENT
WHOLESALE PRICE FOR ANY PART PURCHASED
FREE ESTIMATE AT YOUR HOME
FREE COURTESY CARS

ਜੇ ਕੋਈ damage ਨਾ ਹੋਵੇ ਤਾਂ paint job ਉਸੇ ਦਿਨ ਦੇ ਸਕਦੇ ਹਾਂ!
ਗੱਲਬਾਤ ਪੰਜਾਬੀ ਵਿੱਚ ਵੀ ਕੀਤੀ ਜਾ ਸਕਦੀ ਹੈ!

251-1944 ਜੋਗਿੰਦਰ ਸਿੰਘ ਅਟਵਾਲ 872-8101

---

# BAINS

## INTERNATIONAL TRAVEL SERVICE

*We are appointed agents for all major airlines such as British Airways, Air India, Air Canada, Air France, Swiss Air, Pan American, TWA, Japan Airlines, CP Air, Northwest Orient, KLM, Lufthansa, Quantas, SAS — List is endless.*

*ENQUIRE FOR OTHER SPECIAL FARES: AFFINITY GROUPS, EXCURSIONS, CHARTERS — LONDON, HONG KONG, SINGAPORE, FIJI OR ANY OTHER PART OF THE WORLD.*

**REMEMBER ... ONE CALL DOES IT ALL!!!**

*By Being IATA member we can issue your ticket for any airline while you wait.*

## 3 LOCATIONS TO SERVE YOU

**6384 FRASER STREET,**
**VANCOUVER, B.C.**
**TEL: 324-2277**

**CAPILANO MALL**
**935 MARINE DRIVE**
**NORTH VANCOUVER, B.C.**
**TEL: 980-0351**

**1710 DOUGLAS STREET**
**VICTORIA, B.C.**
**TEL: 386-6363**

# U-DAY APPLIANCE REPAIRS

ਕੀ ਘਰ ਵਿੱਚ ਕੋਈ ਬਹੁਤ ਜ਼ਰੂਰੀ ਬਿਜਲੀ-ਮਸ਼ੀਨ:

* ਫਰਿੱਜ
* ਸਟੋਵ
* ਡਰਾਇਰ
* ਵਾਸ਼ਰ

ਖਰਾਬ ਹੋਣ ਕਾਰਨ ਨਾ-ਖੁਸ਼ ਹੋ? ਮੁਰੰਮਤ ਲਈ ਫੋਨ ਕਰੋ:

ਉਦੈ ਕੋਰੋਟਾਣਾ

522-7347

FRIDGES, FREEZES, RANGES, WASHERS & DRYERS

• MOST RELIABLE SERVICE •

at

• REASONABLE RATES •

Ask for UDAY KOROTANA — Phone 522-7347

810 - 20th St. — Bus. 521-5517

New Westminster

*BUYING AND SELLING ANY TYPE OF PROPERTY?*

*FOR EXPERIENCED AND PROFESSIONAL ADVICE CONTACT:*

RES.:
524-5276

OFF.:
872-0131

ਰੀਅਲ ਇਸਟੇਟ ਵਿੱਚ
ਬਾਰੇ ਸਹਾਇਕ:
ਨਾਇਬ ਬਰਾੜ



# NAIB S. BRAR

**MARS REALTY**

1437 Kingsway
Vancouver, B.C.

FOR ANY KIND OF

# PHOTOGRAPHY

REMEMBER



OPEN
9:30 a.m.
5:30 p.m.

FRIDAY
9:30 a.m.
7:00 p.m.

PORTRAITS

PASSPORTS

WEDDINGS

# KARTAR PHOTO STUDIO

47 KINGSWAY
PHONE 872-0622
872-0623

KARTAR FILMS INTERNATIONAL
IMPORTERS OF E. INDIAN MOVIES AND DISTRIBUTOR TO U.S.A. AND CANADA

SPECIALIST IN ALL KINDS OF PHOTOGRAPHY
WE ALSO SELL CAMERAS AND ACCESSORIES

# RAI CONSTRUCTION LTD.

7196 KNIGHT, VANCOUVER, B.C.

PROFESSIONAL

In dry walls

WE DO BASEMENT FINISHING, ALTERATIONS, ADD A ROOM OR RENOVATIONS!

Guaranteed Low Rates
For Professional Service
Contact:

ROGER
321-9711
327-1683

ਕੰਮ ਛੇਤੀ ਤੇ ਤੁਹਾਡੀ ਤਸੱਲੀ ਨਾਲ ਕੀਤਾ ਜਾਂਦਾ ਹੈ।

## ਘਰੇਲੂ ਲੁੱਟ ਮਾਰ ਦਾ ਸ਼ਿਕਾਰ

# ਇਮੀਗਰੈਂਟ ਪਤਨੀਆਂ

## ਬਾਹਰੋਂ ਸਹਾਇਤਾ ਲੈਣੋਂ ਡਰਦੀਆਂ—

(ਵੈਨਕੂਵਰ ਸਨ ਵਿਚ 30 ਸਿਤੰਬਰ '77 ਨੂੰ ਫੈਸ ਓਬਰਾਇਨ ਦਾ ਛਪਿਆ ਇਕ ਲੇਖ ਮਨੁੱਖ ਦੇ ਇਤਿਹਾਸ ਵਿਚ ਔਰਤ ਦੀ ਦੁਰਦਸ਼ਾ ਵਰਗੀ ਸਮਾਜਕ ਹਾਲਤ ਉਤੇ ਡੂੰਘੀ ਝਾਤ ਪੁਆਉਂਦਿਆਂ ਵਿਦੇਸ਼ਾਂ ਵਿਚ ਆਕੇ ਵੀ ਸਾਡੀ ਕਮਿਊਨਿਟੀ ਦੇ ਲੋਕ ਉਹੀ ਸਦੀਆਂ ਪੁਰਾਣੀਆਂ ਪਿਛਾਂਹ-ਖਿੱਚੂ ਰੁਚੀਆਂ ਰਖਦੇ ਹਨ— ਇਸ ਗੱਲ ਦਾ ਅਫਸੋਸ ਹੈ। ਨੌਜਵਾਨ ਔਰਤਾਂ ਨੂੰ 'ਪਤਨੀਆਂ' ਦੇ ਰੂਪ ਵਿਚ ਸਪੌਂਸਰ ਕਰਨਾ ਤੇ ਉਨ੍ਹਾਂ ਨੂੰ import ਕੀਤੀਆਂ ਵਸਤਾਂ ਵਾਂਗ ਵਰਤ ਕੇ ਤੰਗ ਕਰ ਕੇ ਫਸਾਹ ਮਾਰਨ ਦੀ ਕੋਸ਼ਿਸ਼ ਕਰਨਾ ਜਾਂ ਉਨ੍ਹਾਂ ਨੂੰ ਵਾਪਸ deport ਕਰਨ ਦੀ ਧਮਕੀ ਦੇਣਾ, ਜਾਂ ਫੇਰ ਆਪਣੀ ਦੁਰਦਸ਼ਾ ਬਾਹਰ ਦਸਿਓ ਤੇ ਉਨ੍ਹਾਂ ਦੇ ਹੱਡ ਤੋੜਨੇ ਜਾਂ ਜਦ ਨਹੀਂ ਘਰੋਂ ਕੱਢ ਦੇਣ ਦਾ ਡਰਾਵਾ, ਅਜਿਹੀਆਂ ਅਨੇਕਾਂ ਮਿਸਾਲਾਂ ਪਿਛਲੇ ਸਾਲਾਂ ਵਿਚ ਸਾਹਮਣੇ ਆਈਆਂ ਹਨ। ਅਜਿਹੇ ਕੇਸ ਸਾਡੀ ਕਮਿਊਨਿਟੀ ਦੇ ਮੱਥੇ ਤੇ ਕਲੰਕ ਹਨ ਤੇ ਅਦਲ ਦਸੇ ਦੇ ਮੁਜਰਮ ਹਨ। ਅਜਿਹੇ ਨਰਕ ਵਰਗੇ ਹਾਲਾਤ ਵਿਚ ਫਸੀਆਂ ਔਰਤਾਂ ਨੂੰ ਲਗਦਾ ਹੈ ਕਿ ਚੁੱਪ ਚਾਪ ਜ਼ੁਲਮ ਜਰਿ ਕੇ ਆਪਣੇ ਆਪ ਨੂੰ ਬਚਾਅ ਨਾ ਬਚਾਉਣ ਸਗੋਂ ਹਿੰਮਤ ਕਰਕੇ ਆਪਣੀ ਸ਼ਿਕਾਇਤ ਲੈਕੇ—ਕਿਸੇ ਵਕੀਲ, ਕਿਸੇ ਸੋਸ਼ਲ ਵਰਕਰ ਜਾਂ ਕਿਸੇ ਮਿੱਤਰ ਨਾਲ ਆਪਣਾ ਦੁੱਖ ਸਾਂਝਾ ਕਰਨ ਤੇ ਆਪਣੇ ਆਪ ਨੂੰ ਨਰਕ 'ਚੋਂ ਕਢਣ ਲਈ ਜਾਗਰੂਕ ਲੋਕਾਂ ਦੀ ਸਹਾਇਤਾ ਲੈਣ। ਦੱਬੀਆਂ ਔਰਤਾਂ ਦੀ ਸਹਾਇਤਾ ਲਈ ਕਈ ਕਾਨੂੰਨੀ ਸਾਧਨ ਮੌਜੂਦ ਹਨ। ਅਜਿਹੀ ਕੋਈ ਜਾਣਕਾਰੀ ਜਾਂ ਸਹਾਇਤਾ ਲਈ ਉਹ ਰਤਨ ਦੂਰ ਨੂੰ ਵੀ 4387793 ਉਤੇ ਫੋਨ ਕਰ ਸਕਦੀਆਂ ਹਨ ਜਾਂ ਜੇ ਉਹ ਥੋੜ੍ਹੀ ਬਹੁਤ ਅੰਗ੍ਰੇਜ਼ੀ ਬੋਲਣੀ ਜਾਣਦੀਆਂ ਹਨ ਤਾਂ ਸਿੱਧਾ 552-7120 ਤੇ ਫੋਨ ਕਰਨ।)

ਘਰਾਂ ਵਿਚ ਕਈ ਇਮੀਗਰੈਂਟ ਔਰਤਾਂ ਡਰ ਤੇ ਅਗਿਆਨਤਾ ਕਾਰਣ ਘਰੇਲੂ ਤਸ਼ੱਦਦ ਦਾ ਭੈੜੀ ਤਰ੍ਹਾਂ ਸ਼ਿਕਾਰ ਹੋ ਰਹੀਆਂ ਹਨ— ਇਹ ਗੱਲ ਪਿਛਲੇ ਐਤਵਾਰ ਦੱਬੀਆਂ ਕੁਚਲੀਆਂ ਔਰਤਾਂ ਬਾਰੇ ਵੈਨਕੂਵਰ ਵਿਚ ਹੋਏ ਇਕ ਸੈਮੀਨਾਰ ਵਿਚ ਦੱਸੀ ਗਈ।

ਦੱਬੀਆਂ ਕੁਚਲੀਆਂ ਔਰਤਾਂ ਨੂੰ, ਉਹ ਭਾਵੇਂ ਕਿਸੇ ਵੀ ਕਮਿਊਨਿਟੀ ਦੀਆਂ ਹੋਣ, ਆਪਣੀ ਸੁਰੱਖਿਆ ਲਈ ਕਾਨੂੰਨ ਦੀ ਸਹਾਇਤਾ ਲੈਣ ਵਾਸਤੇ ਬੜੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ।

ਸੈਮੀਨਾਰ ਵਿਚ ਵੈਨਕੂਵਰ ਟ੍ਰਾਂਜ਼ੀਸ਼ਨ ਹਾਊਸ ਦੀ ਇਕ ਵਰਕਰ, ਮੌਰਨ ਬਾਰਕਰ ਨੇ ਦੱਸਿਆ: ਖ਼ਾਸ ਕਰਕੇ ਅਜਿਹੀਆਂ ਈਸਟ ਇੰਡੀਅਨ ਪਤਨੀਆਂ ਦੀ ਸਮੱਸਿਆ ਹੋਰ ਵੀ ਤਿੱਖੀ ਹੋ ਜਾਂਦੀ ਹੈ ਜਿਨ੍ਹਾਂ ਨੂੰ ਅੰਗ੍ਰੇਜ਼ੀ ਬੋਲਣੀ ਤੇ ਸਮਝਣੀ ਘੱਟ ਆਉਂਦੀ ਹੈ, ਡਿਪੋਰਟੇਸ਼ਨ ਦਾ ਡਰ ਰਹਿੰਦਾ ਹੈ, ਅਤੇ ਕੈਨੇਡੀਅਨ ਕਾਨੂੰਨ ਤੋਂ ਜਾਣੂ ਨਹੀਂ ਹੁੰਦੀਆਂ।

ਬਾਰਕਰ ਜੋ ਕਿ ਆਪ ਖੁਦ ਇਕ ਇਮੀਗਰੈਂਟ ਹੈ ਉਸ ਨੇ ਕਿਹਾ ਕਿ ਇਕ ਇਮੀਗਰੈਂਟ ਔਰਤ ਜਿਸਨੂੰ ਉਸਦਾ ਪਤੀ ਕੁੱਟਦਾ ਮਾਰਦਾ ਰਹਿੰਦਾ ਹੈ, ਬਾਹਰਲੇ ਕਿਸੇ ਵਿਅਕਤੀ ਜਾਂ ਸੁਸਾਇਟੀ ਦੀ ਮਦਦ ਤਾਂ ਨਹੀਂ ਲੈਂਦੀ ਕਿਉਂਕਿ ਉਹ ਜਾਣਦੀ ਹੈ ਕਿ ਜੇ ਉਸ ਨੇ ਮਦਦ ਮੰਗੀ ਤਾਂ ਉਸਦੇ ਰਿਸ਼ਤੇਦਾਰ ਉਸਨੂੰ ਹੀ ਕੈਦੀ ਰਖਣ ਲਗ ਜਾਣਗੇ।

ਆਮ ਤੌਰ ਤੇ ਹੁੰਦਾ ਇਸਤਰ੍ਹਾਂ ਹੈ ਕਿ ਅਕਸਰ ਕੋਈ ਸਤਾਰਾਂ ਅਠਾਰਾਂ ਸਾਲ ਦੀ ਕੁੜੀ ਨੂੰ ਉਸਦਾ ਪਤੀ ਸਪੌਂਸਰ ਕਰਕੇ ਕੈਨੇਡਾ ਵਿਚ ਇਮੀਗਰੈਂਟ ਦੇ ਤੌਰ ਤੇ ਮੰਗਵਾਉਂਦਾ ਹੈ। ਉਹ ਆਪਣੇ ਪਤੀ ਖ਼ਾਤਰ ਆਪਣਾ ਸਾਰਾ ਪਰਵਾਰ ਪਿੱਛੇ ਛੱਡ ਕੇ ਆਈ ਹੁੰਦੀ ਹੈ ਤੇ ਇਥੇ ਸਿਰਫ ਪਤੀ ਦੇ ਰਿਸ਼ਤੇਦਾਰ ਹੀ ਹੁੰਦੇ ਹਨ। ਇਨ੍ਹਾਂ ਰਿਸ਼ਤੇਦਾਰਾਂ ਵਲੋਂ ਇਸ ਕੁੜੀ ਉਤੇ ਬਹੁਤ ਸਖ਼ਤ ਦਬਾ ਪਾਇਆ ਜਾਂਦਾ ਹੈ ਕਿ ਉਹ ਘਰੇਲੂ ਮਾਮਲੇ ਘਰ ਤਕ ਹੀ ਰੱਖੇ। ਉਸ ਨੂੰ ਅਕਸਰ ਕਿਹਾ ਜਾਂਦਾ ਹੈ: "ਤੇਰਾ ਇਥੇ ਕੋਈ ਨਹੀਂ; ਜੇ ਤੂੰ ਘਰੇਲੂ ਮਸਲੇ 'ਚੋਂ ਬਾਹਰ ਗਈ ਜਾਂ ਕਿਸੇ ਨਾਲ ਗੱਲ ਕੀਤੀ ਤਾਂ ਤੈਨੂੰ ਸਦਾ ਲਈ ਘਰੋਂ ਕੱਢ ਦਿਤਾ ਜਾਏਗਾ।"

ਬਾਰਕਰ ਨੇ ਦੱਸਿਆ ਕਿ ਬਹੁਤ ਸਾਰੀਆਂ ਦੱਬੀਆਂ ਔਰਤਾਂ ਇਕ ਤ੍ਰਿਕੋਣੀ ਵਿਚ ਫਸੀਆਂ ਅੰਗ੍ਰੇਜ਼ੀ ਨਹੀਂ ਬੋਲ ਸਕਦੀਆਂ ਅਤੇ ਘੱਟ ਪੜ੍ਹੀਆਂ ਹੋਈਆਂ ਹਨ। ਇਨ੍ਹਾਂ ਔਰਤਾਂ ਨੂੰ ਸਮਾਜ ਦੇ ਸਰੋਤ ਤਕ ਜਾਣ ਦੀਆਂ ਵਿਧੀਆਂ ਦੀ ਸਾਰ ਨਹੀਂ ਹੁੰਦੀ, ਘਰ ਦੇ ਚੌਖਟੇ ਦਾ ਇਕਲਾਪਾ ਝੱਲਣਾ ਤਾਂ ਇਕ ਪਾਸੇ ਰਿਹਾ।

ਇਹ ਔਰਤਾਂ ਇਕ ਤਰ੍ਹਾਂ ਦੀ ਕੈਦ ਵਿਚ ਫਸੀਆਂ ਹੋਈਆਂ ਹਨ। ਇਨ੍ਹਾਂ ਨੂੰ ਸਪੌਂਸਰਾਂ (ਜੋ ਕਿ ਆਮ ਕਰਕੇ ਪਤੀ ਹੀ ਹੁੰਦੇ ਹਨ) ਵਲੋਂ ਧਮਕਾਇਆ ਜਾਂਦਾ ਹੈ ਕਿ ਉਨ੍ਹਾਂ ਨੂੰ ਡਿਪੋਰਟ ਕਰਵਾ ਦਿਤਾ ਜਾਏਗਾ। ਇਨ੍ਹਾਂ ਵਿਚੋਂ ਕਈਆਂ ਦੇ ਹੱਡ ਤਾਂ ਰੋਜ਼ ਹੀ ਤੋੜੇ ਜਾਂਦੇ ਹਨ ਪਰ ਸਹੁਰਿਆਂ ਵਲੋਂ ਕਿਹਾ ਜਾਂਦਾ ਹੈ ਕਿ ਜੇ ਉਨ੍ਹਾਂ ਨੇ ਬਾਹਰ ਗੱਲ ਕੀਤੀ ਤਾਂ ਉਨ੍ਹਾਂ 'ਤੇ ਕੋਈ ਵੀ ਯਕੀਨ ਨਹੀਂ ਕਰੇਗਾ।

ਇਸ ਤੋਂ ਇਲਾਵਾ ਧਾਰਕਰ ਨੇ ਦੱਸਿਆ ਕਿ ਜੇ ਕੋਈ ਔਰਤ ਦੁੱਖੀ ਹੋਵੇ ਇਕ ਵਾਰ ਆਪਣੇ ਪਤੀ ਨੂੰ ਛੱਡ ਦੇਵੇ, ਉਸ ਨੂੰ ਨੌਕਰੀ ਲੈਣੀ ਮੁਸ਼ਕਿਲ ਹੁੰਦੀ ਹੈ ਕਿਉਂਕਿ ਉਸ ਕੋਲ ਕੋਈ ਟ੍ਰੇਨਿੰਗ ਨਹੀਂ ਹੁੰਦੀ; ਤੇ ਵੈਲਫੇਅਰ ਦਾ ਦਾਨ ਲੈਣਾ ਉਹ ਉਸ ਦੀ ਬਿਹਤਰੀ ਹੈ। ਇਸ ਤਰ੍ਹਾਂ ਈਸਟ ਇੰਡੀਅਨ ਕਮਿਊਨਿਟੀ ਵਿਚ ਜਿਹੜੀ ਔਰਤ ਆਪਣਾ ਪਤੀ ਛੱਡ ਦੇਂਦੀ ਹੈ ਉਸ ਕੋਲ ਇਸ ਕਮਿਊਨਿਟੀ ਦਾ ਰਵੱਈਆ ਕੁਝ ਇਸ ਤਰ੍ਹਾਂ ਦਾ ਹੁੰਦਾ ਹੈ:

"ਇਹ ਜ਼ਰੂਰ ਨੀਚ ਤੇ ਕਮੀਨੀ ਹੋਵੇਗੀ। ਭਲਾ ਪਤੀ ਦਾ ਕਸੂਰ ਕਦੀ ਨਹੀਂ ਹੋ ਸਕਦਾ।
ਹਮੇਸ਼ਾ ਔਰਤ ਹੀ ਗ਼ਲਤ ਤੇ ਕਸੂਰਵਾਰ ਹੁੰਦੀ ਹੈ।"

ਧਾਰਕਰ ਨੇ ਇਹ ਵੀ ਦੱਸਿਆ ਕਿ ਦੁੱਖੀਆਂ ਪੰਜਾਬੀਆਂ ਔਰਤਾਂ ਨੂੰ ਆਪਣੇ ਪਤੀਆਂ ਨਾਲ ਆਪਣੇ ਸੰਬੰਧ ਕਾਇਮ ਰੱਖਣ ਕਰਕੇ ਨਹੀਂ ਰਹਿਣਾ ਪੈਂਦਾ ਸਗੋਂ ਉਨ੍ਹਾਂ ਨੂੰ 'ਡਰ ਤੇ ਅਨਿਸ਼ਚਿਤਤਾ ਕਾਰਣ ਜ਼ੁਲਮ ਸਹਿੰਦੇ ਰਹਿਣਾ ਪੈਂਦਾ ਹੈ' ਉਸ ਨੇ ਕਿਹਾ: "ਸਾਡੇ (ਈਸਟ ਇੰਡੀਅਨ) ਸਮਾਜ ਵਿਚ ਅਜਿਹਾ ਕੁਝ ਵੀ ਨਹੀਂ ਜੋ ਕਿ ਇਸ ਗੱਲ ਵੱਲ ਇਸ਼ਾਰਾ ਕਰਦਾ ਹੋਵੇ ਕਿ ਸਾਨੂੰ ਔਰਤਾਂ ਨੂੰ ਜ਼ਰੂਰ ਹੀ ਕੁੱਟ ਪੈਂਦੀ ਰਹਿੰਦੀ ਹੈ।" ਇਸ ਸਮੱਸਿਆ ਦਾ ਕੋਈ ਵੀ ਹੱਲ ਨਹੀਂ। ਔਰਤਾਂ ਲਈ ਸਮਾਜ ਸੇਵਾ ਪ੍ਰੋਗ੍ਰਾਮਾਂ ਦਾ ਕੀ ਫਾਇਦਾ ਜੇ ਔਰਤਾਂ ਨੂੰ ਘਰਾਂ ਤੋਂ ਧਾਰਕਰ ਨੇ ਇਹਨਾਂ ਪ੍ਰੋਗ੍ਰਾਮਾਂ ਵਿਚ ਹਿੱਸਾ ਲੈਣ ਦੀ ਇਜਾਜ਼ਤ ਹੀ ਨਹੀਂ? ਉਸ ਨੇ ਕਿਹਾ, "ਇਸ ਸਮੱਸਿਆ ਦਾ ਹੱਲ ਸ਼ਾਇਦ ਇਹੀ ਹੈ ਕਿ ਅਸੀਂ ਦੁਖੀਆਂ ਔਰਤਾਂ ਘਰੋਂ ਘਰੀਂ ਜਾ ਕੇ ਸਮਝਾਉਣ ਸ਼ੁਰੂ ਕਰ ਦੇਈਏ।"

ਦੁੱਖੀਆਂ ਔਰਤਾਂ ਲਈ ਵੈਨਕੂਵਰ ਵਿਚ ਇਕੋ ਇਕ ਐਮਰਜੈਂਸੀ ਸੈਂਟਰ ਵਿਚ ਕੰਮ ਕਰਨ ਵਾਲੀ ਇਕ ਔਰਤ ਵਰਕਰ (ਜੋ ਧਾਰਕਰ ਨਾਲ ਹੀ ਕੰਮ ਕਰਦੀ ਹੈ) ਵਿਲੀਅਮ ਹਾਈਡਿਨਸਨ ਨੇ ਕਿਹਾ ਕਿ ਇਸ ਸਮੱਸਿਆ ਦੀ ਗੰਭੀਰਤਾ ਨੂੰ ਨਾਪਣ ਦਾ ਕੋਈ ਰਾਹ ਨਹੀਂ। ਫੇਰ ਵੀ ਉਸ ਨੇ ਅੰਦਾਜ਼ਾ ਲਾਇਆ ਕਿ ਟ੍ਰਾਂਜ਼ੀਸ਼ਨ ਹਾਊਸ ਵਿਚ ਰਹਿਣ ਵਾਲੀਆਂ ਔਰਤਾਂ ਵਿਚੋਂ ਪੰਜ ਤੋਂ ਦਸ ਫੀ ਸਦੀ ਤੱਕ ਔਰਤਾਂ ਇਮੀਗ੍ਰੈਂਟਸ ਹਨ।

ਪਿਛਲੇ ਹਫ਼ਤੇ ਦਾ ਇਕ ਸੈਮੀਨਾਰ ਵੈਨਕੂਵਰ ਪੀਪਲਜ਼ ਲਾਅ ਸਕੂਲ ਵਲੋਂ ਸਪੌਂਸਰ ਕੀਤਾ ਗਿਆ ਸੀ, ਜਿਸ ਵਿਚ ਪਤੀਆਂ ਵਲੋਂ ਮਾਰੇ ਕੁੱਟੇ ਜਾਣ ਵਾਲੀਆਂ ਔਰਤਾਂ ਦੀ ਕਾਨੂੰਨੀ ਸਮੱਸਿਆ ਬਾਰੇ ਵਿਚਾਰ ਵਟਾਂਦਰਾ ਹੋਇਆ। ਵੈਨਕੂਵਰ ਟ੍ਰਾਂਜ਼ੀਸ਼ਨ ਹਾਊਸ ਦੇ ਵਰਕਰਾਂ ਅਤੇ ਕਾਨੂੰਨੀ ਮਾਹਿਰਾਂ ਨੇ ਅਜੇਹੀਆਂ ਸਮੱਸਿਆਵਾਂ ਨੂੰ ਕਾਨੂੰਨੀ ਕਾਰਵਾਈ ਨਾਲ ਹੱਲ ਕਰਨ ਦੇ ਰਾਹ ਵਿਚ ਆਉਂਦੀਆਂ ਮੁਸ਼ਕਿਲਾਂ ਅਤੇ ਹੋਰ ਕਈ ਅੜਚਣਾਂ ਉਤੇ ਵਿਚਾਰ ਕੀਤੀ ਜਿਵੇਂ ਕਿ ਪੁਲਿਸ ਦਾ ਅਜੇਹੇ ਝਗੜਿਆਂ ਵਿਚ ਦਖ਼ਲ ਦੇਣ ਤੋਂ ਝਿਜਕਣਾ; ਇਮੀਗ੍ਰੈਂਟ ਕਰਨ ਵਾਲੀਆਂ ਅਦਾਲਤਾਂ ਨੂੰ ਦੋਸ਼ੀਆਂ ਦੇ ਦੋਸ਼ ਸਪੱਸ਼ਟ ਨਾ ਹੋਣ; ਅਜਿਹੇ ਮਸਲਿਆਂ ਨੂੰ ਪੁਲਿਸ ਦੀਆਂ ਕਰਿਮੀਨਲ ਕੋਰਟ ਵਿਚ ਲਿਆਉਣ 'ਚ ਮੁਸ਼ਕਿਲਾਂ ਆਦਿ।

ਇਹ ਸੈਮੀਨਾਰ ਅਸਲ ਵਿਚ ਹੋਏ UNITED WAY SYMPOSIUM ਦਾ ਇਕ ਹਿੱਸਾ ਹੀ ਹੋਇਆ। ਉਹ SYMPOSIUM ਪੁਲਿਸ ਤਰਫ਼ੋਂ ਘਰੇ ਕੀਤਾ ਗਿਆ ਸੀ ਜਿਸ ਵਲੋਂ ਇਕ ਗਰੁੱਪ ਤਿਆਰ ਕੀਤਾ ਗਿਆ ਜਿਹੜਾ ਝਗੜਿਆਂ ਦੀ ਰਿਪੋਰਟਾਂ ਲੈਣ, ਅਤੇ ਪਤਨੀਆਂ ਉਤੇ ਮਾਰਕੁਟਾਈ ਕਰਨ ਵਿਰੁੱਧ ਕਾਰਵਾਈ ਕਰੇਗਾ। ਇਸ ਗਰੁੱਪ ਵਲੋਂ ਦੁੱਖੀਆਂ ਪੰਜਾਬੀਆਂ ਔਰਤਾਂ ਦੀ ਸਹਾਇਤਾ ਲਈ ਇਕ ਸੋਸ਼ਲ ਸਰਵਿਸ ਸਟਾਫ਼ ਦੀ ਨਿਯੁਕਤੀ ਕਰ ਲਈ ਗਈ ਅਤੇ ਉਨ੍ਹਾਂ ਮਰਦਾਂ ਲਈ ਵੀ ਸਵੈ-ਸਹਾਇਤਾ ਦਾ ਇਕ ਗਰੁੱਪ ਬਣਾ ਲਿਆ ਗਿਆ ਜਿਹੜੇ ਆਪਣੀਆਂ ਪਤਨੀਆਂ ਉਤੇ ਜ਼ੁਲਮ ਕਰਦੇ ਹਨ।

ਸੈਮੀਨਾਰ ਵਿਚ ਵੈਨਕੂਵਰ ਟ੍ਰਾਂਜ਼ੀਸ਼ਨ ਹਾਊਸ ਵਲੋਂ ਕਾਊਂਸਲਰ ਅਤੇ ਵੈਨਕੂਵਰ ਪੀਪਲਜ਼ ਲਾਅ ਸਕੂਲ ਵਲੋਂ ਡੋਰਥੀ ਜਾਰ ਨੇ ਉਨ੍ਹਾਂ ਔਰਤਾਂ ਲਈ, ਜਿਹੜੀਆਂ ਆਪਣੇ ਪਤੀਆਂ ਵਲੋਂ ਮਾਰਕੁਟਾਈ ਦੇ ਖ਼ਿਲਾਫ਼ ਕਾਨੂੰਨੀ ਕਾਰਵਾਈ ਕਰਨੀ ਚਾਹੁਣ, ਕੁਝ ਹੇਠ ਲਿਖੇ ਜ਼ਰੂਰੀ ਨੁਕਤੇ ਦੱਸੇ ਹਨ:

- ਸੱਟਾਂ ਦਾ ਸਬੂਤ ਪੱਕਾ ਕਰਨ ਲਈ ਜਿਵੇਂ ਉਸ ਇਲਾਕੇ ਦਾ ਨਾਂ ਨੋਟ ਕਰ ਲਵੋ ਜਿਸ ਨੇ ਮਾਰ ਪੈਂਦੀ ਸਮੇਂ ਤੁਹਾਡੀਆਂ ਚੀਕਾਂ ਸੁਣੀਆਂ ਹੋਣ; ਜਾਂ ਉਸ ਗੁਆਂਢੀ ਦਾ ਨਾਂ ਨੋਟ ਕਰ ਲਵੋ ਜਿਸ ਦੇ ਘਰ ਤੁਸੀਂ ਉਦੋਂ ਦੌੜ ਕੇ ਮਦਦ ਲਈ ਗਏ ਹੋ; ਜਾਂ ਉਨ੍ਹਾਂ ਪੁਲਿਸ ਅਫ਼ਸਰਾਂ ਦੇ ਨਾਂ ਪੁੱਛ ਲਵੋ ਜਿਨ੍ਹਾਂ ਨੇ ਮਦਦ ਲਈ ਤੁਹਾਡੀ ਟੈਲੀਫ਼ੋਨ ਕਾਲ ਦਾ ਉੱਤਰ ਦਿੱਤਾ ਹੋਵੇ।
- ਆਪਣੀ ਹਿਫ਼ਾਜ਼ਤ ਦੀ ਖ਼ਾਤਰ ਲਈ ਮੈਡੀਕਲ ਜਾਂਚ ਕਰਾਓ; ਹੋ ਸਕੇ ਤਾਂ ਸੱਟ ਲੱਗਣ ਵਾਲੇ ਥਾਂ ਤੇ ਨਿਸ਼ਾਨ ਦੀਆਂ (ਟੁੱਟੀਆਂ ਹੱਡੀਆਂ ਜ਼ਖ਼ਮੀਆਂ ਦਸਤਾਂ ਆਦਿ) ਦੀਆਂ ਫ਼ੋਟੋਆਂ ਤਿਆਰ ਕਰਵਾ ਲਵੋ।
- ਜਦੋਂ ਤੁਸੀਂ ਸਮੇਂ ਜਿੰਨੀ ਛੇਤੀ ਹੋ ਸਕੇ ਘਰ ਤੋਂ ਬਾਹਰ ਨਿਕਲ ਜਾਓ, ਬੱਚੇ ਵੀ ਆਪਣੇ ਨਾਲ ਲੈ ਜਾਓ। ਜਿੰਨੀ ਦੇਰ ਤੁਸੀਂ ਬੱਚਿਆਂ ਦੀ ਕਾਨੂੰਨੀ ਸੁਰੱਖਿਆ ਹਾਸਲ ਨਹੀਂ ਕਰ ਲੈਂਦੇ, ਤੁਹਾਡੇ ਪਤੀ ਦਾ ਬੱਚਿਆਂ ਉਤੇ ਬਰਾਬਰ ਦਾ ਹੱਕ ਹੁੰਦਾ ਹੈ। ਜੇ ਉਹ ਬੱਚਿਆਂ ਨੂੰ ਆਪਣੇ ਨਾਲ ਰੱਖ ਲੈਂਦਾ ਹੈ ਤਾਂ ਹੋ ਸਕਦੈ ਤੁਹਾਨੂੰ ਬੱਚੇ ਵਾਪਸ ਲੈਣ ਵਿਚ ਮੁਸ਼ਕਲਾਂ ਪੇਸ਼ ਆਉਣ।

- ਕੁੱਟ ਪੈਣ ਸਮੇਂ ਇਕਦਮ ਘਰ ਛੱਡ ਕੇ ਬਾਹਰ ਜਾਣਾ ਇਸ ਤਰ੍ਹਾਂ ਵੀ ਜ਼ਰੂਰੀ ਹੈ ਕਿ ਤੁਸੀਂ ਅਦਾਲਤ ਵਿਚ ਦੱਸ ਸਕੋ ਕਿ ਤੁਸੀਂ ਅਜਿਹੇ ਵਹਿਸ਼ੀ ਪਤੀ ਨਾਲ ਹੋਰ ਰਹਿਣਾ ਖ਼ਤਰਨਾਕ ਸਮਝਦੇ ਹੋ।
  ਜਾਂ, ਤੁਹਾਡੀ ਸੱਟਾਂ ਨੂੰ ਵੀ ਖ਼ਤਰਾ ਹੋ ਸਕਦਾ ਹੈ। ਉਹ ਇਸ ਤਰ੍ਹਾਂ ਕਿ ਇਹ ਸੰਭਵ ਹੈ ਕਿ ਤੁਹਾਡੇ ਪਤੀ ਨੂੰ ਪੁਲਿਸ ਜ਼ਿਆਦਾ ਦੇਰ ਕੈਦ 'ਚ ਨਾ ਰੱਖ ਸਕੇ, ਹੋ ਸਕਦੈ ਉਹ ਰਾਤ ਭਰ ਵਿਚ ਹੀ ਛੁੱਟ ਕੇ ਆ ਜਾਵੇ, ਤੇ ਜੇ ਤੁਸੀਂ ਉਸਦੀ ਉਡੀਕ ਵਿਚ ਘਰ ਹੀ ਬੈਠੇ ਹੋ ਤਾਂ ਉਸ ਵੇਲੇ ਵੀ ਆ ਕੇ ਤੁਹਾਨੂੰ ਕੁੱਟਮਾਰ ਸਕਦਾ ਹੈ।
- ਤੁਰੰਤ ਆਪਣਾ ਵਕੀਲ ਕਰੋ ਅਤੇ ਅਦਾਲਤ ਵਿਚ ਪੇਸ਼ ਹੋਣ ਤੋਂ ਨਾ ਡਰੋ। ਸਰੀਰਕ ਸੱਟਾਂ ਵਲ ਉਤੇ ਜ਼ੋਰ ਦਿਓ; ਕਿਉਂਕਿ ਮਾਨਸਿਕ ਦੁੱਖਾਂ ਅਤੇ ਤਕਲੀਫਾਂ ਦੇ ਸਬੂਤ ਪੇਸ਼ ਕਰਨੇ ਬੜੇ ਔਖੇ ਹੁੰਦੇ ਹਨ। ਅਦਾਲਤ ਵਿਚ ਹਿੰਸਾ (ਕੁੱਟਮਾਰ, ਜ਼ੁਲਮ) ਦੀ ਵਿਆਖਿਆ ਤੇ ਜ਼ੋਰ ਦੇਵੋ; ਆਪਣੇ ਵਿਆਹ ਦੀ ਲੰਮੀ ਦੁੱਖਦਾਈ ਜ਼ਿੰਦਗੀ ਦਾ ਜ਼ਿਕਰ ਕਰੋ।

ਅਨੁਵਾਦਕ : ਸੁਰਜੀਤ ਕਲਸੀ

---

ਇਕ ਰੀਪੋਰਟ

# ਟੋਰਾਂਟੋ ਵਿਚ ਸਾਹਿਤਕ ਗੋਸ਼ਟੀ ਤੇ ਕਵੀ ਦਰਬਾਰ

ਮਿਤੀ 23-7-77 ਨੂੰ ਪ੍ਰਗਤੀਸ਼ੀਲ ਲਿਖਾਰੀ ਸਭਾ (ਟ.ਬ.) ਟੋਰਾਂਟੋ ਬ੍ਰਾਂਚ ਵਲੋਂ ਟੋਰਾਂਟੋ ਵਿਖੇ ਵਾਰਸ਼ਿਕ ਸਮਾਗਮ ਕੀਤਾ ਗਿਆ ਜਿਸ ਵਿਚ ਸ਼ਾਮ ਦੇ 3 ਤੋਂ 6 ਵਜੇ ਤੱਕ ਜਸਵੰਤ ਸਿੰਘ ਕੰਵਲ ਦੇ ਨਵੇਂ ਨਾਵਲ ਲਹੂ ਦੀ ਲੋਅ 'ਤੇ ਆਲੋਚਨਾਤਮਿਕ ਬਹਿਸ ਹੋਈ; ਕੰਵਲ ਜੀ ਆਪ ਕਿਸੇ ਖ਼ਾਸ ਕਾਰਣ ਕਰਕੇ ਸਮਾਗਮ 'ਚ ਪੁੱਜ ਨਹੀਂ ਸਕੇ — (ਉਨ੍ਹਾਂ ਉਸ ਦਿਨ ਪੁਜਣ ਦੀ ਸੂਚਨਾ ਦਿੱਤੀ ਸੀ)। ਸਭਾ ਦੇ ਸਕੱਤਰ ਰਣਜੀਤ ਫੈਂਪੜੀਆ ਨੇ ਪ੍ਰੋਗਰਾਮ ਦੀ ਰੂਪਰੇਖਾ ਦਸਦਿਆਂ ਸੰਖੇਪ ਜਹੀ ਬੇਨਤੀ ਕੀਤੀ — ਅਵਤਾਰ ਜਾਵਿੰਦ ਨੇ 'ਲਹੂ ਦੀ ਲੋਅ' 'ਤੇ ਪਰਚਾ ਪੜ੍ਹਿਆ — ਬਹਿਸ ਵਿਚ ਕੁੱਕੜਪਿੰਡੀਆ, ਸੁਰਜੀਤ ਕਲਸੀ, ਅਵਤਾਰ ਸਿੰਘ, ਪ੍ਰੀਤਮ ਸਿੰਘ ਔਜਲਾ, ਸ਼ਮਸ਼ੇਰ ਸਿੰਘ ਬਾਜਵਾ, ਹਰਭਜਨ ਸਿੰਘ ਵਿਰਕ, ਮਨਜੀਤ ਸਿੰਘ, ਗੁਰਨਾਮ ਸਿੰਘ ਢਿੱਲੋਂ, ਨਰਿੰਦਰ ਸਿੰਘ ਨੂਰ, ਬਲਦੇਵ ਬਾਵਾ, ਪਰੇਮਾ ਢਿੱਲੋਂ, ਅਤੇ ਗੁਰਸ਼ਰਨ ਸਿੰਘ ਅਜੀਤ ਹੋਰਾਂ ਨੇ ਬਹਿਸ ਵਿਚ ਹਿੱਸਾ ਲਿਆ — ਅੰਤ ਵਿਚ ਅਵਤਾਰ ਜਾਵਿੰਦ ਨੇ ਉਠੇ ਪ੍ਰਸ਼ਨਾਂ ਦੇ ਉੱਤਰ ਦਿੱਤੇ — ਪ੍ਰੋਗਰਾਮ ਦੀ ਪ੍ਰਧਾਨਗੀ ਤਰਸੇਮ ਸਾਗਰ ਅਤੇ ਸਟੇਜ ਸਕੱਤਰ ਦਾ ਕੰਮ ਸੰਤੋਖ ਸਿੰਘ ਸੰਤੋਖ ਹੋਰਾਂ ਨੇ ਨਿਭਾਇਆ — ਇਸ ਮੌਕੇ ਤੇ ਰਤਨ ਨਰਿੰਦਰਪਾਲ ਸਿੰਘ ਅਤੇ ਜਸ ਕਹਿੱਤਰੀ ਪਤਵੰਤ ਕੌਰ ਦੀ ਹਾਜ਼ਿਰ ਹੋਏ — ਬਹਿਸ ਕਾਫ਼ੀ ਜਿੰਦਰ ਤੇ ਉਸਾਰੂ ਸੀ — ਨਾਵਲ ਦੇ ਵਿਚਾਰ ਪੱਖ ਤੋਂ ਭਰਪੂਰ ਆਲੋਚਨਾ ਹੋਈ; ਰੂਪਕ ਪੱਖ ਦੀਆਂ ਊਣਤਾਈਆਂ ਵੀ ਪ੍ਰਗਟ ਕੀਤੀਆਂ ਗਈਆਂ — ਸਮੁੱਚੇ ਤੌਰ ਤੇ ਨਾਵਲ ਦੀ ਸ਼ਲਾਘਾ ਹੋਈ, ਮੁੱਖ ਰੂਪ ਵਿਚ ਇਹਨਾ ਵਿਚ ਕਿਹਾ ਗਿਆ ਕਿ ਜਸਵੰਤ ਸਿੰਘ ਕੰਵਲ ਨੇ ਪੰਜਾਬੀ ਦੇ ਆਧੁਨਿਕ ਸਾਹਿਤ ਨੂੰ ਨਵੀਂ ਨਰੋਈ ਤੇ ਕ੍ਰਾਂਤੀਕਾਰੀ ਰੂਪਰੇਖਾ ਦਿੱਤੀ ਹੈ ਅਤੇ ਪੰਜਾਬੀ ਸਾਹਿਤਕਾਰਾਂ ਤੇ ਪਾਠਕਾਂ ਨੂੰ ਚੇਤਨ ਸਾਹਿਤ ਵੱਲ ਪ੍ਰੇਰਨਾ ਦਿੱਤੀ ਹੈ।

ਸ਼ਾਮ ਨੂੰ 8 ਤੋਂ 10½ ਵਜੇ ਤੱਕ ਇੰਡੋ-ਪਾਕ-ਕਨੇਡਾ ਕਵੀ ਦਰਬਾਰ ਹੋਇਆ, ਜਿਸ ਦੀ ਪ੍ਰਧਾਨਗੀ ਜਨਾਬ ਏ.ਐਸ. ਅਖ਼ਤਰ ਹੋਰਾਂ ਕੀਤੀ ਤੇ ਸਟੇਜ ਸਕੱਤਰ ਦਾ ਫ਼ਰਜ਼ ਗੁਰਸ਼ਰਨ ਸਿੰਘ ਅਜੀਤ ਹੋਰਾਂ ਨੇ ਨਿਭਾਇਆ। ਮੁਸ਼ਾਇਰੇ ਵਿਚ ਜਨਾਬ ਰਕੀਸ ਸਾਹਿਬ, ਪ੍ਰਤੀਤ ਕੌਰ, ਸੰਤੋਖ ਸਿੰਘ ਸੰਤੋਖ, ਅਮੋਲਕ ਸਰਹੱਦੀ, ਜਨਾਬ ਸੁਲਤਾਨ, ਸਾਬੀ ਲੁਧਿਆਣਵੀ, ਜਨਾਬ ਬੁਲਬੁਲ, ਪਰੇਮਾ ਸਿੰਘ ਢਿੱਲੋਂ, ਨਰਿੰਦਰ ਸਿੰਘ ਨੂਰ, ਬਸ਼ੀਰ ਸਾਹਿਲਪੁਰੀ, ਬਲਦੇਵ ਬਾਵਾ, ਸਤਿਨਾਮ ਸਿੰਘ ਰਾਹੀ, ਇਕਬਾਲ ਸਰਵਰ ਸਿੱਧੂ, ਇਕਬਾਲ ਫਰੀਦਾ ਅਲੀ, ਜਨਾਬ ਰਾਜ ਖੇੜੀ, ਨਾਜ਼ਰ ਸਿੰਘ ਤਰਸ (ਇੰਡੀਆ ਤੋਂ) ਅਵਤਾਰ ਜਾਵਿੰਦ, ਹਰਭਜਨ ਸਿੰਘ ਵਿਰਕ, ਸਾਧੂ ਸਿੰਘ ਅਜ਼ਰ, ਸੁਰਿੰਦਰ ਸਿੰਘ ਅਤੇ ਗੁਰਨਾਮ ਢਿੱਲੋਂ ਹੋਰਾਂ ਨੇ ਹਿੱਸਾ ਲਿਆ।

ਰਣਜੀਤ ਫੈਂਟਰੀਆ
ਪ੍ਰਾਂਤ ਸਕੱਤਰ ਪ੍ਰਗਤੀਸ਼ੀਲ ਲਿਖਾਰੀ ਸਭਾ (ਟ.ਬ.)
ਟੋਰਾਂਟੋ ਇਕਾਈ

# ਦਰਪਣ

ਖ਼ਤ

ਪਿਛਲੇ ਦੋ ਮਹੀਨਿਆਂ ਤੋਂ 'ਵਤਨੋਂ ਦੂਰ' ਮੈਨੂੰ ਘਲਾਇਆ ਮਿਲ ਰਿਹਾ ਹੈ — ਜੋ ਮੈਂ ਤੁਹਾਡੇ ਪੰਜਾਬੀ ਭਾਸ਼ਾ ਨਾਲ ਪਿਆਰ ਤੇ ਉਸ ਨੂੰ ਜਿਊਂਦਾ ਰੱਖਣ ਦੇ ਮਕਸਦ ਲਈ, ਪੰਜਾਬੋਂ ਬਾਹਰ ਦੀ, ਮੁਬਾਰਕ ਦਿੰਦਾ ਹਾਂ।

ਤੁਹਾਡਾ ਵੀਰ — ਅਜੀਤ ਪਰਦੇਸ (ਅਜੀਤ ਚੰਦਨ)
11 ਜਗਜੀਤ ਨਗਰ, ਰਘੋਬਾਸ ਰੋਡ
ਲੁਧਿਆਣਾ, ਪੰਜਾਬ

ਪਿਛਲੇ ਦਿਨੀਂ ਜਦ ਕੇਂਦਰੀ ਲੇਖਕ ਸਭਾ ਦੀ ਮੀਟਿੰਗ ਤੇ ਗਏ ਤੇ ਮੈਂ ਵੀ ਪੁਜਿਆ ਤਾਂ ਦੋਸਤਾਂ ਲੇਖਕਾਂ ਵਿਚ 'ਵਤਨੋਂ ਦੂਰ' ਦੀ ਚਰਚਾ ਰਹਿੰਦਾ ਸੀ; ਮੇਰੇ ਕੋਲੋਂ ਵੀ ਪਿਛਲੇ ਅੰਕਾਂ ਨੂੰ ਕੇ ਪੜ੍ਹਿਆ ਖੂਬ ਸਲਾਹਿਆ। ਇਕ ਛੋਟਾ ਜਿਹਾ ਸੁਝਾਅ ਹੈ — ਜਿਵੇਂ ਤੁਸੀਂ ਜਨਵਰੀ ਵਿਚ ਕੈਨੇਡੀਅਨ ਕਹਾਣੀ ਅੰਕ ਕਰ ਰਹੇ ਹੋ, ਹਰ ਕਿਸੇ ਹੋਰ ਦੇਸ਼ ਵਿਚ ਰਹਿੰਦੇ ਪੰਜਾਬੀ ਲੇਖਕਾਂ ਦਾ ਸੰਪੂਰਨ ਅੰਕ ਕਰੋ; ਫੇਰ ਹੋਰ ਕਿਸੇ ਦੇਸ਼ ਵਿਚ ਵਸਦੇ ਪੰਜਾਬੀ ਲੇਖਕਾਂ ਦਾ, ਤਾਂ ਕਿ ਪੰਜਾਬੀ ਦੇ ਪਾਠਕਾਂ ਨੂੰ ਪਤਾ ਲਗ ਸਕੇ ਕਿ ਹਿੰਦੁਸਤਾਨ ਤੋਂ ਬਾਹਰ ਰਹਿ ਕੇ ਕਿਹੜੇ ਕਿਹੜੇ ਦੇਸ਼ ਵਿਚ ਕਿਹੜੇ ਕਿਹੜੇ ਲੇਖਕ ਰਚਨਾਤਮਕ ਕ੍ਰਿਆ ਕਰ ਰਹੇ ਹਨ।

ਗੁਰਮੇਲ ਮਡਾਹੜ
ਬੀ — 4/91 ਸਟੇਸ਼ਨ ਪਟਿਆਲਾ ਗੇਟ
ਸੰਗਰੂਰ, ਪੰਜਾਬ

'ਵਤਨੋਂ ਦੂਰ' ਵਿਚ ਵਤਨੋਂ ਦੂਰ ਬੈਠੇ ਵਤਨ ਵਾਸੀਆਂ ਦੀਆਂ ਧੜਕਣਾਂ ਧੜਕਦੀਆਂ ਵਤਨ ਨੂੰ ਸੁਣਾਈ ਦਿੰਦੀਆਂ ਹਨ। ... ਇਕ ਨਿਮਾਣੀ ਜਿਹੀ ਸਲਾਹ! ਜੇ 'ਆਰਸੀ' ਤੇ 'ਪ੍ਰੀਤਲੜੀ' ਵਾਂਗ 'ਵਤਨੋਂ ਦੂਰ' ਵਿਚ ਵਤਨੋਂ ਦੂਰ ਵਤਨ ਵਾਸੀਆਂ ਦੀਆਂ ਸਮਾਜਿਕ, ਸਭਿਆਚਾਰਕ ਆਦਿ ਸਰਗਰਮੀਆਂ ਦਾ ਜ਼ਿਕਰ ਕਰਦਾ ਹੋਇਆ ਕੋਈ ਕਾਲਮ ਸ਼ੁਰੂ ਕਰ ਸਕੋ! 'ਵਤਨੋਂ ਦੂਰ' ਦੇ ਸਾਰੇ ਸਾਹਿੱਤਕ ਅਮਲੇ ਨੂੰ ਮੋਹ-ਭਿੱਜੀ ਸਲਾਮ! ਨਵੇਂ ਸਾਲ ਭਾਰਤੀ ਤੇ ਵਿਦੇਸ਼ੀ ਪਾਠਕਾਂ ਨੂੰ 'ਵਤਨੋਂ ਦੂਰ' ਰਾਹੀਂ ਲੱਖ ਲੱਖ ਵਧਾਈ ਭੇਜਦਾ।

ਸਾਹਿੱਤਕ ਸਾਂਝ ਨਾਲ, ਇਕ ਵਤਨ ਵਾਸੀ — ਅਮਰਜੀਤ ਸਿੰਘ ਔਲਖ
ਨ. ਸ. ਪੋਸਟ ਗਰੈਜੂਏਟ ਕਾਲਜ
ਮਾਨਸਾ, (ਬਠਿੰਡਾ), ਪੰਜਾਬ

...ਵਦੇਸ਼ਾਂ ਵਿਚ ਖ਼ਾਸ ਕਰ ਕੈਨੇਡਾ ਵਿਚ ਵਸਦੇ ਪੰਜਾਬੀ ਲੇਖਕਾਂ ਨਾਲ ਸਾਂਝ ਪਵਾਉਣ ਦਾ ਚੰਗਾ ਸਾਧਨ ਹੈ ਤੁਹਾਡੇ ਕੋਲ। ਜਿਥੇ ਜੀ ਨਵੇਂ ਨਾਵਾਂ ਨਾਲ ਜਾਣ ਪਹਿਚਾਣ ਹੋਈ ਹੈ। 'ਵਤਨੋਂ ਦੂਰ' ਦੇ ਸਾਲਾਨਾ ਅੰਕ ਦੀ ਰਚਨਾ-ਪੱਧਰ ਕਾਫ਼ੀ ਪਸੰਦ ਆਈ।

ਅਤਰਜੀਤ
ਵੀ. ਪੀ. ਓ. ਮਹੀ ਰਜਾਂ
ਬਠਿੰਡਾ, ਪੰਜਾਬ

ਗੁਰਮੇਲ ਮਡਾਹੜ ਦੀ ਕਹਾਣੀ "ਪੂਰਬੀਏ" ਜਨਵਰੀ '77 ਦੇ ਵਤਨੋਂ ਦੂਰ ਅੰਕ ਵਿਚ ਸਫ਼ਾ 41 ਉਤੇ ਛਪੀ ਹੋਈ ਹੈ। ਕਹਾਣੀਕਾਰ ਨੇ "ਭਾਈਏ" ਦਾ ਪਾਤਰ ਸੋਹਣਾ ਉਲੀਕਿਆ ਹੈ। ਭਾਈਏ ਦਾ ਬੋਲਚਾਲ, ਖ਼ਾਸ ਕਰਕੇ ਉਸ ਦਾ ਗਾਲੀ ਗਲੋਚ ਨਾਲ ਬੋਲਚਾਲ ਦਾ ਢੰਗ ਬਿਲਕੁਲ ਅਸਲ ਵਾਂਗ ਹੈ। ਲੇਖਕ ਇਸ ਜ਼ਿੰਦਗੀ ਦੇ ਨੇੜੇ ਰਿਹਾ ਲਗਦਾ ਹੈ।

"ਵਿਆਹ ਮੈਂ ਕੋਈ ਸ਼ੌਕ ਨੂੰ ਨਹੀਂ ਕਰਵਾਇਆ... ...ਸਿਰਫ਼ ਉਮਰੀ ਤੇ ਆਪਣੀ ਕਮਾਈ ਨਾਲ ਬੁਢਾਪੀ ਗਰੀਬੀ ਦੇ ਦਾਗ਼ ਧੋ ਸਕਾਂ।" ਭਾਈ ਦੇ ਪੁੱਤਰ ਦੇ ਇਹ ਬੋਲ ਕਿਥੋਂ ਤੱਕ ਢੁੱਕਦੇ ਹਨ ਜਾਂ ਸੱਚੇ ਹਨ? ਕੀ ਵਿਦੇਸ਼ਣ ਨਾਲ ਵਿਆਹ ਕਰਕੇ ਕੋਈ ਹਿੰਦੁਸਤਾਨੀ ਪਿਤਰੀ ਗ਼ਰੀਬੀ ਦੇ ਦਾਗ਼ ਧੋ ਸਕਦਾ ਹੈ? ਸ਼ਾਇਦ ਲੇਖਕ ਨੂੰ ਇਸਦਾ ਅੰਦਾਜ਼ਾ ਨਹੀਂ, ਪਰ ਵਿਦੇਸ਼ੀ ਇਸ ਭੇਦ ਨੂੰ ਚੰਗੀ ਤਰ੍ਹਾਂ ਸਮਝਦੇ ਹਨ। ਚੰਗਾ ਤਾਂ ਇਹ ਸੀ ਕਿ ਕਹਾਣੀਕਾਰ ਆਪਣੇ ਪਾਤਰ ਨੂੰ ਸੱਚੇ ਰੂਪ ਦਾ ਸੂਖਮ ਦਰਸਾਉਂਦਾ।

ਵਿਦੇਸ਼ੀਆਂ ਦੀ ਜ਼ਿੰਦਗੀ ਨਾਲ ਸੰਬੰਧ ਰੱਖਦੀਆਂ ਕਹਾਣੀਆਂ ਦੀ ਘਾਟ ਹੈ। ਜੇ ਲੋੜ ਹੈ ਉਨ੍ਹਾਂ ਕਹਾਣੀਆਂ ਦੀ ਜੋ ਵਿਦੇਸ਼ੀਆਂ ਦੀਆਂ ਗੁੰਝਲਾਂ ਦਰਸਾ ਕੇ ਉਨ੍ਹਾਂ ਦਾ ਵਿਕਾਸ ਕਰਨ।

ਨਛੱਤਰ ਸਿੰਘ ਪੂਰਬਾ
ਵੈਨਕੂਵਰ

**FOR**

**LIFE INSURANCE**

**EDUCATION PLAN**

**MORTGAGE PLAN**

**Retirement registered Saving Plan and all other kinds of insurance**

**Contact**

# DALJIT SANDHU

ਤੇ

## National Life of Canada

**Suite 501, 1155—West Pender Street**
**Vancouver, B.C. Phone: 685-7231**

ਹਰ ਕਿਸਮ ਦੇ ਬੀਮੇ ਲਈ ਤੁਹਾਡੇ ਸੁਘੜ
ਅਤੇ ਤਜਰਬੇਕਾਰ ਸਹਾਇਕ:-

**ਦਲਜੀਤ ਸੰਧੂ**



| Office | Residence |
|---|---|
| 685-7231 | 278-0491 |






*Specialist in East Indian Jewelry Craftware*

**BHARTI ART JEWELLERS**
**865 Kingsway near Fraser,**
**Vancouver, B. C., Canada V5V 3C2**
**Store: 874-9448 Res: 879-5610**




ਡੈਲਟਾ ਵਿੱਚ ਗਰੋਸਰੀ ਦੀ ਭਾਰੀ ਦੁਕਾਨ

# ਪੰਜਾਬ
# ਫੂਡ
# ਸਟੋਰ

9435 ਸਕਾਟ ਰੋਡ, ਡੈਲਟਾ

ਜਿਥੋਂ ਤੁਹਾਨੂੰ ਹਰ ਕਿਸਮ ਦੀ ਭਾਰਤੀ ਗਰੋਸਰੀ ਜਿਵੇਂ ਆਟਾ, ਦਾਲਾਂ, ਮਸਾਲੇ, ਤੇਲ, ਆਚਾਰ, ਬਦਾਮ ਤੇ ਹੋਰ ਬਹੁਤ ਕੁਝ ਬਹੁਤ ਸਸਤੇ ਭਾਅ ਮਿਲ ਸਕਦਾ ਹੈ।

ਤਾਜ਼ੀਆਂ ਸਬਜ਼ੀਆਂ, ਦੁੱਧ, ਮੱਖਣ ਤੇ ਹੋਰ ਕੈਨੇਡੀਅਨ ਗਰੋਸਰੀ ਵੀ ਮਿਲਦੀ ਹੈ।

ਗਾਣਿਆਂ ਦੀਆਂ 8-ਟਰੈਕ ਟੇਪਾਂ ਵੀ ਮਿਲਦੀਆਂ ਹਨ।

25 ਡਾਲਰ ਦੀ ਗਰੋਸਰੀ ਨਾਲ 6 ਕੱਪ ਫਰੀ
50 ਡਾਲਰ ਦੀ ਗਰੋਸਰੀ ਨਾਲ 12 ਕੱਪ ਫਰੀ

ਹੋਰ ਜਾਣਕਾਰੀ ਲਈ
ਦਰਸ਼ਨ ਦਿਓ ਜਾਂ ਫੋਨ ਕਰੋ!

ਫੋਨ: 588-4911

Are you looking for

# Miller's BODY SHOP LTD.

COMPLETE COLLISION REPAIRS

I.C.B.C. CLAIMS — 6 Days a Week Service

OPENS: 8:30 TO 6:00
COURTESY CARS AVAILABLE
LOW RATES
GUARANTEED WORK

Phone: 435-3133
SAM (SEWA) JEERH

5792 Beresford Street
South Burnaby, B.C.

8% Rebate on ICBC Claim. (Labour Only)

Here we are




# GABA TRAVELS

4270 FRASER STREET,
VANCOUVER
PHONE: 876-0812
or 876-8121
(RAVINDER GABA)



*We have special groups going to INDIA, FIJI, HONGKONG and CHARTERED FLIGHTS to London.*

Indian, Fijian and Canadian Passports are also arranged.

For your friends or relatives coming from India as visitors or immigrants, we have the following offices in India to serve you better:

1. NURMAHAL (Jullundur) phone 49.
2. ROXY HOTEL BLDG. (Jullundur) phone P.P. 5370 and 7018.
3. JANDIALA (Jullundur).
4. 5-L Connought Circus, New Delhi Phone 46459

Contact: Mr. Manohar Lal Gaba)

ਸਾਡੇ ਪਾਸੋਂ ਹੇਠ ਲਿਖੀਆਂ ਚੀਜ਼ਾਂ ਮਿਲਦੀਆਂ ਹਨ:

ਹੈਂਡ ਬੈਗਜ਼
ਚਮੜੇ ਦੀਆਂ ਵਸਤਾਂ
ਚਾਂਦੀ ਤੇ ਪਿੱਤਲ ਦੀਆਂ
ਦਸਤ-ਕਿਰਤਾਂ
ਲੱਕੜ ਦੀਆਂ ਕਿਰਤਾਂ

ਭਾਰਤੀ ਗਰੋਸਰੀ

ਬੈੱਡ ਰੂਮ ਸੁਈਟਸ
ਡੈਸਟਾਫੀਲਡਜ਼
ਕੌਫੀ ਟੇਬਲ
ਡਿਨਰ ਸੈੱਟਸ



ਜੋਗਿੰਦਰ ਸਿੰਘ ਸਰਾਂ

# SURAN ENTERPRISES LTD.

IMPORTERS — RETAILERS

33765 Essendene Avenue,
Abbotsford, B.C.
853-4971

Prop.: Joginder Singh Suran Res. 859-3574

ਮਿੰਨੀ ਕਹਾਣੀ ਕਾਲਮ

• ਕਰਮਜੀਤ ਪੁਆਰ

ਸਨ ਡੈੱਕ ਤੇ ਖੜ੍ਹਾ ਉਹ ਪੋਲੀ ਪੋਲੀ ਧੁੱਪ ਦਾ ਅਨੰਦ ਮਾਣਦਾ ਦੂਰ ਚਮਕ ਰਹੇ ਕਾਲੇ ਪੱਥਰ ਦੇ ਪਹਾੜਾਂ ਵੱਲ ਬੜੀ ਹੀ ਡੂੰਘੀ ਸੋਚ ਨਾਲ ਵੇਖ ਰਿਹਾ ਸੀ। ਅੱਚਨਚੇਤ ਉਹਦੇ ਘਰ ਵਾਲੀ ਬਰੋਕਰ ਖੜ੍ਹਦੀ ਬੋਲੀ," ਆਹ ਜਿਹੜੇ ਆਪਣੇ ਗੁਲਾਬ ਲੱਗਿਐ, ਇਹਦੀ ਵੀ ਗੁਲਕੰਦ ਬਣ ਸਕਦੀ ਐ।" "ਹੈਂ, ਪਤਾ ਨੀ," ਉਸ ਅੱਧਖੜਵੇਂ ਜੇਹੇ ਜੁਆਬ ਦਿੱਤਾ। "ਜੀ ਦੇਸ ਤਾਂ ਬਣ ਜਾਂਦੀ ਸੀ ਐਥੇ ਦਾ ਪਤਾ ਨੀ, ਮੈਂ ਸੋਚਦੀ ਆਂ ਥੋੜ੍ਹੀ ਜਿਹੀ ਬਣਾ ਲਵਾਂ ਵੇਲੇ ਕੁਵੇਲੇ ਕੰਮ ਈ ਆਜੂ ਗੀ!" ਉਸ ਅੱਗਿਓਂ ਕੋਈ ਜੁਆਬ ਨਾ ਦਿੱਤਾ ਤੇ ਮੁਸਕਰਾ ਪਿਆ। "ਥੋਨੂੰ ਤਾਂ ਮੇਰੀ ਹਰੇਕ ਗੱਲ ਹਾਸਾ ਈ ਲਗਦੀ ਐ!", ਕਹਿੰਦੀ ਉਹ ਅੰਦਰ ਜਾ ਵੜੀ। ਉਸਨੇ ਮੂੰਹ ਘੁਮਾਕੇ ਗੁਲਾਬ ਵੱਲ ਵੇਖਦਿਆਂ ਮਨ 'ਚ ਕਿਹਾ," ਕਿੰਨੀ ਭੋਲੀ ਐ, ਮੈਂ ਭਲਾ ਗੁਲਕੰਦ ਬਣਾਉਂਦਾ ਫਿਰਾਂ! ਸੁਆਦ ਆ ਜੇ, ਜੇ ਕਦੇ ਕਹਾਣੀਆਂ ਕਵਿਤਾਵਾਂ ਬਾਰੇ ਪੁੱਛਿਆ ਕਰੇ-ਪਰ ਇਹ ਸਭ ਕੁਝ ਇਹਦੀ ਸਮਝ ਤੋਂ ... ... ... ਹੈ!"

ਇਹਨਾਂ ਹੀ ਖ਼ਿਆਲਾਂ ਨਾਲ ਉਹ ਆਪਣੇ ਕਮਰੇ 'ਚ ਜਾ ਬੈਠਾ ਤੇ ਕਲਮ ਚੁੱਕ ਕੇ ਕੱਲ ਦੀ ਪਈ ਅਧੂਰੀ ਕਹਾਣੀ ਲਿਖਣ ਲੱਗ ਪਿਆ। ਅਜੇ ਉਸ ਦੋ ਕੁ ਸਤਰਾਂ ਹੀ ਲਿਖੀਆਂ ਸਨ ਕਿ ਉਹਦੇ ਘਰ ਵਾਲੀ ਡੇਢ ਕੁ ਸਾਲ ਦਾ ਬੱਚਾ ਕੁੱਛੜ-ਚਾਈ ਅੰਦਰ ਆ ਵੜੀ," ਲੈ ਫੜਲੋ ਗੱਲ, ਤੁਸੀਂ ਤਾਂ ਜੀ ਨਾ ਵੇਲਾ ਵੇਖਦੇ ਓ ਨਾ ਕੁਵੇਲਾ, ਐਹੋ ਟੈਮ ਭਲਾ ਲਿਖਣ ਦਾ। ਜੇ ਫਿਰ ਮੁੰਡਾ ਰੋਵੇ ਤਾਂ ਮੈਂ ਭੈਣ ਸੁੱਖੋ ਨੂੰ ਫ਼ੂਨ ਕਰ ਦੇਂਦੀ, ਉਹਦਾ ਕਈ ਵਾਰ ਫ਼ੂਨ ਆਇਆ, ਮੈਨੂੰ ਵਿਹਲ ਈ ਨੀ ਲੱਗਿਆ ਚੱਜ ਨਾਲ ਗੱਲ ਕਰਨ ਦਾ ਤੇ ਇਹ ਐਂਵੀਂ ਰਿਹਾੜ ਪਿਆ ਫ਼ੂਨ ਨੂੰ ਹੱਥ ਵੀ ਨੀਂ ਲੈਣ ਦਿੰਦਾ ਘੁੱਗੂ ਜਿਹਾ!" ਏਨਾ ਕਹਿੰਦੀ ਮੁੰਡਾ ਕੁੱਛੜੋਂ ਲਾਹ ਉਹ ਕਮਰੇ 'ਚੋਂ ਬਾਹਰ ਹੋ ਗਈ। ਉਸ ਨਿਗਾਹ ਉਤਾਂਹ ਉਠਾਕੇ ਦਰਾਂ 'ਚ ਖੜ੍ਹੇ ਮੁੰਡੇ ਵੱਲ ਵੇਖਿਆ ਜਿਹੜਾ ਢਿੱਲਾ ਜਿਹਾ ਮੂੰਹ ਕਰਕੇ ਮੁਸਕਣ ਲੱਗ ਪਿਆ ਜਿਵੇਂ ਕਹਿਣ ਚਾਹੁੰਦਾ ਹੋਵੇ, 'ਮੈਂ ਤਾਂ ਕਹਾਣੀ ਬਾਰੇ ਕੁਝ ਨੀ ਕਹਿੰਦਾ......!'


## ਜਦੋਂ ਤੁਹਾਡਾ ਪਤਾ ਬਦਲੇ

ਕਿਰਪਾ ਕਰਕੇ ਆਪਣਾ:
i) ਨਵਾਂ ਪਤਾ
ii) ਫਿਟ ਨੰਬਰ
iii) ਪੋਸਟਲ ਕੋਡ ਨੰਬਰ
iv) ਟੈਲੀਫੋਨ ਨੰਬਰ
ਸਾਨੂੰ ਭੇਜੋ!

ਵਤਨੋਂ ਦੂਰ
14768-HALSTEAD PLACE
SURREY, B.C., V3R 6S5

ਸ੍ਰੀ ਮਾਨ ਜੀ,
- ਮੈਂ ਪੰਜ ਡਾਲਰ ਭੇਜ ਰਿਹਾ ਹਾਂ। ਕਿਰਪਾ ਕਰਕੇ ਹੇਠ ਲਿਖੇ ਪਤੇ ਤੇ ਇਕ ਸਾਲ ਲਈ ਵਤਨੋਂ ਦੂਰ ਜਾਰੀ ਕਰ ਦਿਓ:
- ਮੈਂ ਅੱਠ ਡਾਲਰ ਭੇਜ ਰਿਹਾ ਹਾਂ। ਕਿਰਪਾ ਕਰਕੇ ਉੱਤਰੀ ਅਮਰੀਕਾ ਤੋਂ ਬਾਹਰ ਮੇਰੇ ਸਨੇਹੀ ਨੂੰ ਇਕ ਸਾਲ ਲਈ ਵਤਨੋਂ ਦੂਰ ਜਾਰੀ ਕਰ ਦਿਓ:
- ਅਸੀਂ ਅੱਠ ਡਾਲਰ ਭੇਜ ਰਹੇ ਹਾਂ। ਕਿਰਪਾ ਕਰਕੇ ਕੈਨੇਡਾ ਵਿੱਚ ਇੰਨਾਂ ਦੋ ਪਤਿਆਂ ਤੇ ਇਕ ਇਕ ਸਾਲ ਲਈ ਵਤਨੋਂ ਦੂਰ ਜਾਰੀ ਕਰ ਦਿਓ: (ਹਰ ਦੋ ਚੰਦੇ ਇਕੱਠੇ ਭੇਜਣ ਤੇ ਦੋ ਡਾਲਰ ਰਿਆਇਤ!)

# ਸ਼ਹੀਦ ਮੇਵਾ ਸਿੰਘ

ਕੇਸਰ ਸਿੰਘ ਕਨੇਡਾ

ਕਾਮਾਗਾਟਾ ਮਾਰੂ ਜਹਾਜ਼ ੨੨ ਮਈ ੧੯੧੪ ਨੂੰ ਵੈਨਕੋਵਰ ਪਹੁੰਚਿਆ ਸੀ ਤੇ ੨੨ ਜੁਲਾਈ ਨੂੰ ਵਾਪਸ ਮੋੜ ਦਿਤਾ ਗਿਆ ਸੀ। ਉਸ ਸਮੇਂ ਭਾਈ ਭਾਗ ਸਿੰਘ ਜੀ ਖ਼ਾਲਸਾ ਦੀਵਾਨ ਸੋਸਾਇਟੀ ਵੈਨਕੋਵਰ ਦੇ ਪਰਧਾਨ ਸਨ। ਭਾਈ ਬਲਵੰਤ ਸਿੰਘ ਜੀ ਗ੍ਰੰਥੀ ਸਨ, ਪੰਡਤ ਸੋਹਣ ਲਾਲ ਕੌਮ ਦੇ ਨਿਧੜਕ ਨੌਜਵਾਨ ਆਗੂ ਸਨ, ਬੇਲਾ ਸਿੰਘ ਨੇ ਗੁਰਦੁਆਰੇ ਵਿਚ ਗੋਲੀ ਚਲਾ ਕੇ ਭਾਈ ਭਾਗ ਸਿੰਘ ਤੇ ਭਾਈ ਬਤਨ ਸਿੰਘ ਨੂੰ ਸ਼ਹੀਦ ਕਰ ਦਿਤਾ। ਸਰਕਾਰੀ ਬੰਦਾ ਹੋਣ ਕਰਕੇ ਉਹ ਕਤਲ ਦੇ ਕੇਸ ਵਿਚੋਂ ਬਰੀ ਹੋ ਗਿਆ। ਭਾਈ ਬਲਵੰਤ ਸਿੰਘ ਮਗਰੋਂ ਗ਼ਦਰ ਲਹਿਰ ਵਿਚ ਲਾਹੌਰ ਫ਼ਾਂਸੀ ਲਗੇ। ਪੰਡਤ ਸੋਹਣ ਲਾਲ ਜੀ ਮਾਂਡਲੇ ਬਰਮਾ ਵਿਚ ਹੋਰ ਸਾਥੀਆਂ ਸਮੇਤ ਫਾਂਸੀ ਉਤੇ ਲਟਕਾਏ ਗਏ। ਗ਼ਦਾਰ ਬੇਲਾ ਸਿੰਘ ਨੂੰ ਬੱਬਰ ਅਕਾਲੀਆਂ ਨੇ ੧੯੩੪ ਵਿਚ, ਉਸ ਦੀ ਗ਼ਦਾਰੀ ਦੀ ਸਜ਼ਾ ਦਿਤੀ।

ਭਾਈ ਮੇਵਾ ਸਿੰਘ ਨੇ, ਗ਼ਦਾਰਾਂ ਦੀ ਖੇਤੀ ਬੀਜਣ ਵਾਲੇ ਇਮੀਗਰੇਸ਼ਨ ਮਹਿਕਮੇ ਦੇ ਇੰਸਪੈਕਟਰ ਵਿਲੀਅਮ ਹਾਪਕਿਨਸਨ ਨੂੰ ਕਚਹਿਰੀ ਵਿਚ ਗੋਲੀ ਦਾ ਨਿਸ਼ਾਨਾ ਬਣਾ ਦਿਤਾ। ਗਿਆਰਾਂ ਜਨਵਰੀ ੧੯੧੫ ਨੂੰ ਭਾਈ ਮੇਵਾ ਸਿੰਘ ਨੇ ਫ਼ਾਂਸੀ ਦੇ ਰੱਸੇ ਨੂੰ ਚੁੰਮ ਕੇ ਸ਼ਹੀਦੀ ਪ੍ਰਾਪਤ ਕੀਤੀ।

ਕਾਮਾਗਾਟਾ ਮਾਰੂ ਨੇ ੨੨ ਜੁਲਾਈ ੧੯੧੪ ਨੂੰ ਵਾਪਸ ਮੁੜਨਾ ਸੀ। ਇਹ ਕਾਂਡ ੧੭ ਜੁਲਾਈ, ੧੯੧੪ ਦੀ ਇਕ ਘਟਨਾ ਨਾਲ ਸੰਬੰਧ ਰਖਦਾ ਹੈ।

(ਹਾਪਕਿਨਸਨ ਦੀ ਮਾਂ ਪੰਜਾਬਣ ਸੀ। ਉਹ ਲਾਹੌਰ ਪੁਲਸ ਵਿਚ ਰਿਹਾ ਸੀ। ਉਹ ਪੰਜਾਬੀ ਜਾਣਦਾ ਸੀ।)



"ਮੇਵਾ ਸਿੰਘ ਹੈ ਤਾਂ ਮਿੱਲ–ਵਰਕਰ, ਪਰ ਉਸ ਦਾ ਰਸੂਖ਼ ਬਹੁਤ ਹੈ ਉਸ ਦੇ ਲੋਕਾਂ ਵਿਚ। ਸਭ ਲੋਕ ਉਸ ਨੂੰ ਹੱਥ ਜੋੜ ਕੇ ਮਿਲਦੇ ਹਨ। ਉਹ ਕੰਮ ਤੋਂ ਵਿਹਲਾ ਹੋ ਕੇ ਬਹੁਤਾ ਸਮਾਂ ਗੁਰਦੁਆਰੇ ਵਿਚ ਹੀ ਗੁਜ਼ਾਰਦਾ ਹੈ। ਕਦੇ ਲੰਗਰ ਵਿਚ ਸੇਵਾ ਕਰਦਾ ਹੋਵੇਗਾ, ਕਦੇ ਸਫ਼ਾਈ ਕਰਦਾ ਹੋਵੇਗਾ। ਜੇ ਕੋਈ ਕੰਮ ਨਾ ਹੋਵੇ ਤਾਂ ਲੋਕਾਂ ਦੀਆਂ ਜੁੱਤੀਆਂ ਝਾੜਦਾ ਪੂੰਝਦਾ ਰਹਿੰਦਾ ਹੈ। ਜਦ ਦੀਵਾਨ ਲਗੇ ਸ਼ਬਦ ਪੜ੍ਹਨ ਲਈ ਤਿਆਰ ਹੋ ਜਾਂਦਾ ਹੈ। ਬੜੀ ਭਰਵੀਂ ਆਵਾਜ਼ ਵਿਚ ਪਾਠ ਕਰਦਾ ਹੈ। ਗੱਲਾਂ ਬੜੀਆਂ ਘਟ ਕਰਦਾ ਹੈ, ਪਰ ਜਦ ਉਹ ਬੋਲੇ ਉਸ ਦੀ ਗੱਲ ਵਿਚ ਬੜਾ ਵਜ਼ਨ ਹੁੰਦਾ ਹੈ। ਉਹ ਜੋ ਗੱਲ ਕਰੇ ਤੋਲ ਕੇ ਕਰਦਾ ਹੈ।"

"ਜਦ ਮੈਂ ਉਸ ਨੂੰ ਮਿਲਦਾ ਹਾਂ ਤਾਂ ਹੱਥ ਜੋੜ ਕੇ ਮਿਲਦਾ ਹਾਂ, ਉਹ ਵੀ ਅਗੋਂ ਹੱਥ ਜੋੜ ਦੇਂਦਾ ਹੈ ਤੇ ਬਿਨਾਂ ਰੁਕੇ ਅਗੇ ਤੁਰ ਜਾਂਦਾ ਹੈ। ਮੈਂ ਕਈ ਵਾਰੀ ਉਸ ਨਾਲ ਗੱਲ ਕਰਨ ਦਾ ਜਤਨ ਕੀਤਾ ਹੈ। ਉਹ ਮੇਰੀ ਗੱਲ ਸੁਣਦਾ ਰਹਿੰਦਾ ਹੈ, ਪਰ ਅਗੋਂ 'ਹਾਂ' ਜਾਂ 'ਨਾ' ਕੁਝ ਨਹੀਂ ਕਹਿੰਦਾ। ਸਭ ਲੋਕ ਉਸ ਨੂੰ ਭਾਈ ਮੇਵਾ ਸਿੰਘ ਕਹਿ ਕੇ ਬੁਲਾਂਦੇ ਹਨ। ਮੈਂ ਵੀ ਉਸ ਨੂੰ ਭਾਈ ਮੇਵਾ ਸਿੰਘ ਜੀ ਕਹਿ ਕੇ ਪੁਕਾਰਦਾ ਹਾਂ।

"ਬੇਲੇ ਦਾ ਖ਼ਿਆਲ ਹੈ ਕਿ ਮੇਵਾ ਸਿੰਘ, ਭਾਗ ਸਿੰਘ ਤੇ ਬਲਵੰਤ ਸਿੰਘ ਦੇ ਬਹੁਤ ਨੇੜੇ ਹੈ। ਸੋਹਣ ਲਾਲ ਵੀ ਉਸ ਪਾਸ ਬਹੁਤ ਆਉਂਦਾ ਜਾਂਦਾ ਹੈ। ਮੇਰਾ ਖ਼ਿਆਲ ਹੈ ਕਿ ਮੇਵਾ ਸਿੰਘ ਹੱਥ ਆ ਜਾਏ ਤਾਂ ਉਸ ਨੂੰ ਵਰਤਿਆ ਜਾ ਸਕਦਾ ਹੈ।"

"ਹੁਣ ਉਹ ਸਾਡੇ ਕਾਬੂ ਆ ਗਿਆ ਹੈ। ਉਹ ਰੀਵਾਲਵਰ ਤੇ ਅਸਲ੍ਹਾ ਲਿਆਉਂਦਾ ਅਮਰੀਕਾ ਤੇ ਕੇਨੇਡਾ ਦੀ ਹੱਦ ਉਤੇ ਫੜਿਆ ਗਿਆ ਹੈ। ਮੈਂ ਉਸ ਨੂੰ ਐਬਟਸਫੋਰਡ

ਜੇਲ ਦੀ ਕੋਠੀ ਵਿਚ ਜਾ ਕੇ ਮਿਲਿਆ ਹਾਂ। ਸਭ ਤੋਂ ਪਹਿਲੋਂ ਮੈਂ ਬਾਦਸ਼ਾਹ ਦੇ ਵਫ਼ਾਦਾਰ ਰਹਿਣ ਦੀ ਗੱਲ ਤੋਰੀ। ਉਹ ਸੁਣਦਾ ਰਿਹਾ। ਫਿਰ ਮੈਂ ਡਾਲਰਾਂ ਦਾ ਲਾਲਚ ਦਿਤਾ। ਉਸ ਨੇ ਲੋਹੇ ਦੀਆਂ ਸੀਖ਼ਾਂ ਨੂੰ ਘੁਟ ਕੇ ਫੜ ਲਿਆ। ਕੋਈ ਗੱਲ ਨਾ ਬਣਦੀ ਵੇਖ ਕੇ ਮੈਂ ਕਈ ਡਰਾਵੇ ਦਿਤੇ। ਧਮਕੀਆਂ ਦਿਤੀਆਂ। ਉਹ ਸੁਣਦਾ ਰਿਹਾ। ਨਾਲ ਹੀ ਉਸ ਨੇ ਮੇਰੀਆਂ ਅੱਖਾਂ ਵਿਚ ਆਪਣੀਆਂ ਅੱਖਾਂ ਗਡੀ ਰਖੀਆਂ।"

"ਤੂੰ ਉਸ ਨੂੰ ਕਿਹੜੀ ਗੱਲ ਮਨਾਉਣੀ ਚਾਹੁੰਦਾ ਸੈਂ।" ਮੈਲਕਮ ਰੀਡ ਚੀਫ਼ ਇੰਸਪੈਕਟਰ, ਇਮੀਗਰੇਸ਼ਨ ਡੀਪਾਰਟਮੈਂਟ ਨੇ ਪੁੱਛਿਆ।

"ਬਸ ਇਹੋ ਕਿ ਉਹ ਕਹਿ ਦਏ ਕਿ ਉਹ ਸਾਰਾ ਅਸਲ੍ਹਾ ਭਾਗ ਸਿੰਘ ਤੇ ਬਲਵੰਤ ਸਿੰਘ ਦੇ ਕਹਿਣ ਉਤੇ ਲਿਆਇਆ ਹੈ ਤੇ ਅਸਲ੍ਹਾ ਖ਼ਰੀਦਣ ਦੇ ਡਾਲਰ ਵੀ ਉਨ੍ਹਾਂ ਗੁਰਦੁਆਰੇ ਦੇ ਫ਼ੰਡ ਵਿਚੋਂ ਦਿਤੇ ਹਨ।"

"ਫਿਰ ਕੀ ਗੱਲ ਹੋਈ?" ਰੀਡ ਪੁੱਛਿਆ।

"ਉਸ ਦੀਆਂ ਅੱਖਾਂ ਵਿਚ ਖ਼ੂਨ ਉਤਰ ਆਇਆ ਉਸ ਦੀਆਂ ਲਾਲ ਅੱਖਾਂ ਤਰ ਹੋ ਗਈਆਂ। ਲੋਹੇ ਦੀਆਂ ਸੀਖ਼ਾਂ ਛਡ ਕੇ ਉਸ ਨੇ ਮੇਰੇ ਵਲ ਪਿੱਠ ਕਰ ਲਈ। ਜਿਵੇਂ ਚੁੱਪ-ਚੁੱਪ ਵਿਚ ਹੀ ਉਸ ਨੇ ਮੈਨੂੰ ਕਹਿ ਦਿਤਾ ਹੋਵੇ ਕਿ ਉਹ ਮੇਰੀ ਕੋਈ ਗੱਲ ਸੁਣਨ ਨੂੰ ਤਿਆਰ ਨਹੀਂ।"

ਬੇਲਾ ਸਿੰਘ ਨੇ ਅੰਦਰ ਆਉਂਦਿਆਂ ਰੀਡ ਤੇ ਹਾਪਕਿਨਸਨ ਨੂੰ ਸਲੂਟ ਕੀਤਾ। ਰੀਡ ਨੇ ਉਸ ਨੂੰ ਬਹਿ ਜਾਣ ਦਾ ਇਸ਼ਾਰਾ ਕੀਤਾ। ਹਾਪਕਿਨਸਨ ਨੇ ਆਪਣੀ ਗੱਲ ਜਾਰੀ ਰਖੀ—"ਉਸ ਦੀਆਂ ਅੱਖਾਂ ਵਿਚੋਂ ਨਾਮਿਲਵਰਤਣ ਤੇ ਹੁਕਮ-ਅਦੂਲੀ ਦੀਆਂ ਭਖਦੀਆਂ ਲਾਟਾਂ ਉਠ ਰਹੀਆਂ ਸਨ। ਉਸ ਦੀ ਜੇਲ-ਕੋਠੀ ਵਿਚ ਡਰਾਉਣੀ ਚੁਪ ਸੀ ਸੁਨਸਾਨ ਸੀ, ਜਿਵੇਂ ਜੇਲ ਦੀ ਕੋਠੀ ਖ਼ਾਲੀ ਪਈ ਹੋਵੇ। ਉਸ ਦੇ ਸਾਹ ਲੈਣ ਦੀ ਆਵਾਜ਼ ਵੀ ਨਹੀਂ ਸੀ ਆ ਰਹੀ। ਮੈਂ ਗੁੱਸੇ ਵਿਚ ਆ ਕੇ ਉਸ ਨੂੰ ਡਰਾਉਣ ਲਈ ਧਮਕੀਆਂ ਦੇ ਰਿਹਾ ਸਾਂ। ਜਾਪਦਾ ਸੀ ਜਿਵੇਂ ਮੇਰੀਆਂ ਧਮਕੀਆਂ ਮੇਰੇ ਹੀ ਕੰਨਾਂ ਉਤੇ ਆ ਕੇ ਵਜਦੀਆਂ ਹੋਣ।"

"ਫਿਰ ਇਕਦਮ ਉਸ ਨੇ ਮੇਰੇ ਵਲ ਮੁੜ ਕੇ ਮੇਰੀਆਂ ਅੱਖਾਂ ਵਿਚ ਆਪਣੀਆਂ ਅੱਖਾਂ ਗੱਡ ਦਿਤੀਆਂ। ਮੈਂ ਉਸ ਨੂੰ ਡਰਾ ਰਿਹਾ ਸਾਂ, ਪਰ ਮੇਰਾ ਆਪਣਾ ਮਨ ਕੰਬ ਉਠਿਆ। ਮੇਰਾ ਦਿਲ ਧੜਕਨ ਲਗ ਪਿਆ। ਅਚਾਨਕ ਇਕ ਹਾਦਸੇ ਦਾ ਨਜ਼ਾਰਾ ਮੇਰੀਆਂ ਅੱਖਾਂ ਅਗੇ ਆ ਖਲੋਤਾ, ਜੋ ਮੈਂ ਆਪਣੇ ਬਚਪਨ ਵਿਚ ਵੇਖਿਆ ਸੀ।"

"ਅਸੀਂ ਲਾਹੌਰ ਰਹਿੰਦੇ ਸਾਂ। ਬਾਜ਼ਾਰ ਵਿਚ ਕੋਈ ਗੜਬੜ ਹੋ ਗਈ। ਲੋਕ ਇਕੱਠੇ ਹੋ ਗਏ। ਫਿਰ ਪੁਲਸ ਆ ਗਈ। ਪੁਲਸ ਲੋਕਾਂ ਉਤੇ ਕਾਬੂ ਨਾ ਪਾ ਸਕੀ। ਫਿਰ ਫ਼ੌਜ ਆ ਗਈ। ਫ਼ੌਜੀਆਂ ਦੇ ਘੋੜਿਆਂ ਦੀਆਂ ਟਾਪਾਂ ਨਾਲ ਸਾਰਾ ਬਾਜ਼ਾਰ ਕੰਬ ਉਠਿਆ। ਸਾਰਾ ਬਾਜ਼ਾਰ ਸੁਨਸਾਨ ਹੋ ਗਿਆ। ਦੂਜੇ ਦਿਨ ਮੈਂ ਬਾਜ਼ਾਰ ਵਲ ਨਿਕਲ ਤੁਰਿਆ। ਬਾਜ਼ਾਰ ਦੀ ਸੜਕ ਉਤੇ ਥਾਉਂ ਥਾਈਂ ਲਹੂ ਤੇ ਮਿਝ ਧੁੱਪ ਨਾਲ ਸੁੱਕ ਰਹੇ ਸਨ। ਦੁਕਾਨਾਂ ਦੀਆਂ ਪੌੜੀਆਂ ਤੇ ਬਰਾਂਡੇ ਲਹੂ-ਲੁਹਾਨ ਸਨ। ਸਾਰਾ ਬਾਜ਼ਾਰ ਸੁਨਸਾਨ ਪਿਆ ਸੀ। ਸਭ ਦੁਕਾਨਾਂ ਬੰਦ ਸਨ। ਮੈਨੂੰ ਅਜੇ ਤਕ ਯਾਦ ਹੈ ਕਿ ਮੈਂ ਕੁਲਫ਼ੀ ਲੈਣ ਜਾ ਰਿਹਾ ਸਾਂ। ਇਹ ਸਾਰਾ ਡਰਾਉਣਾ ਦ੍ਰਿਸ਼ ਵੇਖ ਕੇ ਮੈਂ ਭੈ-ਭੀਤ ਹੋਇਆ ਇਕੋ ਥਾਂ ਖਲੋਤਾ ਰਹਿ ਗਿਆ। ਮੈਂ ਦੁਪਹਿਰੇ ਉੱਲੂ ਉਡਦਾ ਜਾਂ ਬੋਲਦਾ ਕਦੇ ਨਹੀਂ ਸੀ ਵੇਖਿਆ ਜਾਂ ਸੁਣਿਆ। ਸੁਨਸਾਨ ਬਾਜ਼ਾਰ ਵਿਚ ਇਕ ਉੱਲੂ ਉੱਡਦਾ, ਬੋਲਦਾ ਤੇ ਖੰਭੇ ਨਾਲ ਟਕਰਾ ਕੇ ਡਿਗਦਾ ਵੇਖਿਆ। ਮੇਰਾ ਸਰੀਰ ਕੰਬ ਉਠਿਆ। ਫਿਰ ਸਿਥਲ ਹੋ ਗਿਆ। ਮੇਰੀਆਂ ਲੱਤਾਂ ਤੇ ਪੈਰਾਂ ਨੇ ਤੁਰਨੋਂ ਜੁਆਬ ਦੇ ਦਿਤਾ।"

"ਫਿਰ ਬਾਜ਼ਾਰ ਦੇ ਦੂਜੇ ਸਿਰੇ, ਮੈਂ ਇਕ ਛੋ-ਫ਼ੁੱਟਾ ਸਿੱਖ ਖਲੋਤਾ ਤੱਕਿਆ। ਉਸ ਨੇ ਇਕ ਦੁਕਾਨ ਦੇ ਥੜ੍ਹੇ ਉਤੇ ਖਲੋ ਕੇ ਅੰਗੜਾਈ ਲਈ ਮੇਰੇ ਵਲ ਤੱਕ ਕੇ ਉਸ ਨੇ ਆਪਣੀਆਂ ਮੁੱਕੀਆਂ ਵੱਟੀਆਂ ਤੇ ਮੇਰੇ ਵਲ ਵਧਿਆ। ਮੇਰੀਆਂ ਚੀਕਾਂ ਨਿਕਲ ਗਈਆਂ। ਮੈਂ ਘਰ ਵਲ ਨਸ ਉਠਾ। ਕਿੰਨੀ ਦੇਰ ਮੇਰੀਆਂ ਲੱਤਾਂ ਕੰਬਦੀਆਂ ਰਹੀਆਂ। ਦਿਲ ਧੜਕਦਾ ਰਿਹਾ।"

"ਬਿਲਕੁਲ ਉਹੋ ਜਿਹਾ ਡਰ ਮੈਨੂੰ ਮੇਵਾ ਸਿੰਘ ਦੀਆਂ ਭਖਦੀਆਂ ਅੱਖਾਂ ਵਿਚੋਂ ਲਗਾ।

"ਮੇਵਾ ਸਿੰਘ ਨੂੰ ਮੇਰੇ ਦਿਤੇ ਲਾਲਚ ਤੇ ਧਮਕੀਆਂ ਸਭ ਅਜਾਈਂ ਗਈਆਂ। ਉਸ ਨੇ ਫਿਰ ਮੇਰੇ ਵਲ ਪਿੱਠ ਕਰ ਦਿਤੀ। ਇਸ ਦਾ ਸਾਫ਼ ਮਤਲਬ ਸੀ ਕਿ ਉਸ ਨੇ ਮੇਰੀਆਂ ਸਭ ਗੱਲਾਂ ਸੁਣੀਆਂ, ਅਣਸੁਣੀਆਂ ਕਰ ਦਿਤੀਆਂ।"

ਫਿਰ ਹਾਪਕਿਨਸਨ ਨੇ ਕਿਹਾ—"ਮੈਨੂੰ ਮੇਵਾ ਸਿਘ ਜਿਹੇ ਬੰਦੇ ਦੀ ਲੋੜ ਹੈ, ਜਿਸ ਉਤੇ ਉਸ ਦੇ ਸਭ ਬੰਦਿਆਂ ਦਾ ਭਰੋਸਾ ਹੋਵੇ। ਮੈਂ, ਮੇਵਾ ਸਿੰਘ ਨੂੰ ਖ਼ਰੀਦਣ ਲਈ ਉਸ ਦੀ ਹਰ ਗੱਲ ਮੰਨਣ ਨੂੰ ਤਿਆਰ ਹਾਂ। ਉਸ ਦੀ ਹਰ ਸ਼ਰਤ ਮੰਨਣ ਨੂੰ ਤਿਆਰ ਹਾਂ। ਉਹ ਤਾਂ ਮੂੰਹ ਹੀ ਨਹੀਂ ਖੋਲ੍ਹਦਾ ਜਿਵੇਂ ਗੁੰਗਾ ਹੋ ਗਿਆ ਹੋਵੇ। ਇਸ ਵਿਚ ਮੇਰੀ ਹੀ ਹਾਰ ਹੈ। ਮੇਰੀ ਹੀ ਹਾਰ ਹੈ।"

* ਪਿਛਲੇ ਅੰਕ ਵਿਚ ਸਫ਼ਾ 8 ਉਪਰ ਬਾਬਾ ਗੁਰਮੁਖ ਸਿੰਘ ਜੀ ਬਾਰੇ ਛਪੇ ਲੇਖ ਨਾਲ ਅਸੀਂ ਇਹ ਨੋਟ ਦੇਣਾ ਭੁੱਲ ਗਏ ਸਾਂ ਕਿ ਬਾਬਾ ਜੀ ਦਾ ਦਿਹਾਂਤ ਮਾਰਚ 1977 ਵਿਚ ਹੋ ਗਿਆ ਸੀ। ਇਹ ਲੇਖ ਪਰੇਮ ਸਿੰਘ ਨੇ ਬਾਬਾ ਜੀ ਦੇ ਜਿਉਂਦਿਆਂ ਹੀ ਲਿਖਿਆ ਸੀ।

## ਮਸਖ਼ਰੇ

**ਸੁਰਿੰਦਰ ਧੰਜਲ**

ਅੱਕ ਥੱਕ ਕੇ ਕਹਿੰਦੇ ਹੋ
ਰੱਜ ਕੇ ਘੁਰਾੜੇ ਮਾਰ ਰਹੇ ਦਿਉ ਦੀ ਗੁਫ਼ਾ ਅੱਗੇ ਭੁੱਖ ਦੇ ਵੈਣਾਂ ਦਾ ਕੀ ਮਤਲਬ
ਜਾਹ ਪਰਤ ਜਾਹ ਉਸੇ ਹਨੇਰਿਆਂ ਦੇ ਦੇਸ਼
ਜਿਸਦੀ ਕਾਲਖ 'ਚ ਦੋ ਕਦਮ ਤੁਰਨੋਂ ਡਰਦਾ ਤੁਰ ਪਿਐਂ ਮਖੌਟਾ ਬਣ
ਤੁਸੀਂ ਕਿੰਨਾ ਕੁ ਜ਼ਹਿਰ ਪੀ ਚੁਕੇ ਹੋ ਜੋ ਤੁਹਾਡੇ ਸੱਚ ਨੂੰ ਸੁਕਰਾਤ ਮੰਨ ਲਵਾਂ
ਕਿੰਨੀਆਂ ਕੁ ਸੂਲੀਆਂ ਲਟਕ ਚੁਕੇ ਹੋ ਜੋ ਤੁਹਾਡੇ ਸੱਚ ਨੂੰ ਈਸਾ ਮੰਨ ਲਵਾਂ
ਵਿਸਕੀ, ਬੀਅਰ, ਸਿਗਰਟ, ਨੀਲੀ ਫਿਲਮ ਤੇ ਨੰਗਾ ਜਿਸਮ
ਇਹਨਾਂ ਦੇ ਸਾਏ 'ਚ ਮਦਮਸਤ ਲੁੜਕ ਰਹੇ ਤੁਹਾਡੇ ਬੋਲਾਂ ਨੂੰ ਕਿਵੇਂ ਰੱਬ ਮੰਨ ਲਵਾਂ
ਮੇਰੇ ਲਈ 'ਕਲਾ' ਤੇ 'ਵਫ਼ਾ' ਦੇ ਅਰਥ ਬਦਲ ਜਾਂਦੇ ਨੇ
ਤੁਹਾਡੇ ਦੱਸੇ ਬੌਣੇ ਅਰਥ ਤਿੜਕਣੇ ਸ਼ੁਰੂ ਹੋ ਜਾਂਦੇ ਨੇ
ਤੱਤੀ ਚਾਹ ਵਾਲੇ ਸਰਦ ਗਲਾਸ ਵਾਂਗ
ਟੁੱਟ ਫੁੱਟ ਜਾਂਦੇ ਨੇ ਆਪਣੇ ਹੀ ਬੇਮੰਜ਼ਲੇ ਸਫ਼ਰ ਦੇ ਪੈਰਾਂ ਹੇਠ
ਜਿਸਨੂੰ ਰੁਜ਼ਗਾਰ ਦਫ਼ਤਰ ਦੀ ਡਸੀ ਜਵਾਨੀ ਦੇ ਸਿਰਦਰਦ
ਭੁੱਖ ਦੀ ਹਾਂਡੀ 'ਚ ਉਬਲਦੇ ਦਿਲ-ਦਰਦ
'ਦੋ ਜਾ ਤਿੰਨ ਬੱਚਿਆਂ' ਤੋਂ ਪਹਿਲੀ ਢਿੱਡ-ਪੀੜ ਦਾ ਇਲਾਜ ਨਹੀਂ ਪਤਾ
ਉਹ ਹਕੀਮ ਨਹੀਂ ਮਸਖ਼ਰਾ ਹੈ
ਜ਼ਿੰਦਗੀ ਦਾ ਸੰਗੀਤ ਇਕਤਾਰਾ ਹੈ ਜਾਂ ਤਾਨਪੁਰਾ—
ਜਿਸਨੂੰ ਸਿਤਾਰ ਤੇ ਗੁਟਾਰ ਦੀਆਂ ਤਾਰਾਂ ਦਾ ਅੰਤਰ ਨਹੀਂ ਪਤਾ
ਉਹ ਸੰਗੀਤ ਨਿਰਦੇਸ਼ਕ ਨਹੀਂ ਮਸਖ਼ਰਾ ਹੈ
ਨਿਪੁੰਸਕ ਅਰਥਾਂ ਦਾ ਗੰਦਾ ਨਾਲਾ
ਜੋ ਪੱਛਮ 'ਚੋਂ ਇੱਕ ਨਿੱਕੀ ਜਿਹੀ ਨਾਲੀ ਬਣਕੇ ਵਗਿਆ ਸੀ
ਹੁਣ ਦਰਿਆ ਬਣਿਆ ਲੋਚਦਾ ਹੈ
ਤੁਸੀਂ ਕਿਨਾਰੇ ਤੇ ਖੜੇ ਮਸਖ਼ਰਿਓ ! ਉਸ ਵਿੱਚ ਕੁਝ ਵੀ ਰੋੜ ਸਕਦੇ ਹੋ
ਸ਼ਹੀਦ ਵੀ ਅਤੇ ਸ਼ਹੀਦ ਦਾ ਬੁੱਤ ਵੀ
ਸਰੀਰ 'ਚ ਕਦੇ ਕਦੇ ਭੜਕਣ ਵਾਲੀ ਅੱਗ
ਅਤੇ ਸ਼ਾਂਤ ਵਗਦੇ ਪਾਣੀ ਵਰਗੇ ਅਮਨ ਦੀ ਤਮੰਨਾ ਤੋਂ ਬਿਨਾਂ
ਹਰ ਅੰਤੜੀ 'ਚ ਮੌਜੂਦ ਹਨ ਲਹੂ ਦੇ ਤੁਪਕੇ
ਪਹਾੜਾਂ 'ਚੋਂ ਨਦੀਆਂ ਵੀ ਫੁੱਟ ਸਕਦੀਆਂ ਨੇ ਤੇ ਲਾਵਾ ਵੀ
ਹਵਾ ਦਾ ਝੋਂਕਾ ਆਵੇ
ਤਾਂ ਮਹਾਂ ਨਗਰ ਦੀਆਂ ਇਮਾਰਤਾਂ ਤੇ ਲੱਗੇ ਦਿਸ਼ਾ ਸੂਚਕ ਯੰਤਰ ਨੂੰ ਨਹੀਂ
ਮਸਲੇ ਘਾਹ ਦੀਆਂ ਪੱਤੀਆਂ ਲੈਕੇ
ਕੁੱਢੇ ਸ਼ਹਿਨਸ਼ੀਲ ਬੋਹੜ ਦੇ ਪੱਤਿਆਂ ਤੱਕ ਸਭ ਨੂੰ ਹਿਲਜੁਲ ਦਾ ਹੱਕ ਹੈ
ਤੁਸੀਂ ਜੇ ਹਵਾ ਦਾ ਇਹ ਸੰਗੀਤ ਨਹੀਂ ਸੁਣ ਸਕਦੇ ਤਾਂ ਕੰਨ ਪਰੇ ਰੱਖ ਦਿਓ
ਜੇ ਸੁਣਨ ਦੀ ਖਾਹਸ਼ ਜਾਗੀ ਤਾਂ ਵਾਪਸ ਲੈ ਲਿਓ ਇਸ ਮਹਿਫ਼ਲ ਤੋਂ ਬਾਅਦ
ਹਾਲੇ ਤਾਂ ਸਾਡੀ ਮਹਿਫ਼ਲ 'ਚ ਆਉਣ ਨੂੰ ਤੁਸੀਂ ਗੁਨਾਹ ਜਿਹਾ ਸਮਝਦੇ ਹੋ
ਜ਼ਿੰਦਗੀ, ਮੌਤ ਤੇ ਸੁਤੰਤਰਤਾ ਦੇ ਨਿੱਤ ਦੇ ਨਵੇਂ ਅਰਥ ਬਦਲਦੇ ਹੋ
ਪਰ ਤੁਹਾਡੇ ਦੱਸੇ ਬੌਣੇ ਅਰਥ ਤਿੜਕਣੇ ਸ਼ੁਰੂ ਹੋ ਜਾਂਦੇ ਨੇ
ਤੱਤੀ ਚਾਹ ਵਾਲੇ ਸਰਦ ਗਲਾਸ ਵਾਂਗ
ਟੁੱਟ ਫੁੱਟ ਜਾਂਦੇ ਨੇ ਆਪਣੇ ਹੀ ਬੇਮੰਜ਼ਲ ਸਫ਼ਰ ਦੇ ਪੈਰਾਂ ਹੇਠ

ਸ਼੍ਰੀ ਸੁਰਿੰਦਰਪਾਲ ਸਿੰਘ ਧੰਜਲ ਦਾ
ਨਵਾਂ ਸਿਰਨਾਵਾਂ :

SURINDAR PAL SINGH DHANJAL
ELECTRICAL ENGG. DEPTT.
UNIVERSITY OF WINDSOR
WINDSOR ONTARIO N9B 3P4
PHONE : (519) 256-1067

# ਆਖ਼ਰੀ ਚਿੱਠੀ / ਦਲਜੀਤ ਸਰਾਂ

ਮੇਰੇ ਨਿੱਘੇ ਤੇ ਪਿਆਰੇ ਭਾਈ ਹਰਬੰਸ ! ਮਿੱਠੀ ਤੇ ਮਹਿਕਦੀ 'ਸਲਾਮ' ਕਬੂਲ ਕਰਨਾ
ਮੇਰੀ ਸਿਹਤ ਪਹਿਲਾਂ ਨਾਲੋਂ ਨਾ ਮਾੜੀ ਐ ਤੇ ਨਾ ਚੰਗੀ, ਆਸ ਹੈ, ਤੁਸੀਂ ਸਾਰੇ ਨਰੋਏ ਤੇ ਤਾਜ਼ੇ ਹੋਵੋਗੇ
ਮੇਰੇ ਚਾਰ ਵਰ੍ਹਿਆਂ ਦੇ 'ਖੁੱਲ੍ਹੇ ਬਨਵਾਸ ਸਮੇਂ' ਦੀ, ਤੇ ਮੇਰੀ ਇੱਕੀ ਵਰ੍ਹਿਆਂ ਦੀ ਜ਼ਿੰਦਗੀ ਦੇ ਸੋਲ੍ਹਵੇਂ ਉਦਾਸ ਵਰ੍ਹੇ ਦੀ
ਇਹ ਆਖ਼ਰੀ ਚਿੱਠੀ ਹੈ — ਚਾਹੋ ਤਾਂ ਸਾਂਭ ਰੱਖਣਾ !
ਛੇਤੀ ਹੀ, ਮੈਂ ਆਪਣੀਆਂ ਸਾਰੀਆਂ ਕਿਤਾਬਾਂ, ਕਵਿਤਾਵਾਂ, ਚਿੱਤਰਾਂ ਤੇ ਯਾਦਾਂ ਸਮੇਤ, ਤੁਹਾਡੇ ਕੋਲ ਪਹੁੰਚਾਂਗਾ
ਮੇਰੇ ਝੋਲੇ 'ਚ, ਮੇਰੇ ਬਿਖਰੇ ਹੋਏ ਸੁਪਨਿਆਂ, ਤੇ ਸੋਲਾਂ ਵਰ੍ਹਿਆਂ ਦੀ 'ਮਗਜ਼-ਖਪਾਈ' ਦੇ ਫਲ ਵਜੋਂ ਮਿਲੇ
ਉਨ੍ਹਾਂ ਸਰਟੀਫਿਕੇਟਾਂ ਤੋਂ ਸਿਵਾ, ਕੁਝ ਨਹੀਂ ਹੋਵੇਗਾ,
ਜਿਨ੍ਹਾਂ ਦੀ ਭੇਟ ਚੜ੍ਹਦੀ ਰਹੀ ਹੈ, ਸੁਨਹਿਰੀ ਕਣਕ ਤੇ ਦੁੱਧ ਚਿੱਟੀ ਕਪਾਹ।
ਉਸ ਦਿਨ ਨੂੰ ਬੀਤਿਆਂ ਸੋਲਾਂ ਵਰ੍ਹੇ ਹੋ ਗਏ —
ਜਿੱਦਣ ਬਾਪੂ ਨੇ ਮੈਥੋਂ ਖੋਹ ਕੇ 'ਗੁੱਲੀ-ਡੰਡਾ', ਮੈਨੂੰ ਸਕੂਲ ਦੇ ਰਜਿਸਟਰ 'ਚ ਬੰਦ ਕਰਵਾ ਦਿੱਤਾ ਸੀ
ਜ਼ਿੰਦਗੀ ਦੇ ਹੁਸੀਨ ਤੇ ਪਿਆਰੇ ਵਰ੍ਹੇ ਰਜਿਸਟਰਾਂ 'ਚ ਬਿਤਾ ਕੇ, ਪ੍ਰਾਪਤ ਕੀਤੇ ਇਹ ਸਰਟੀਫਿਕੇਟ
ਰੁਜ਼ਗਾਰ ਦਫਤਰ 'ਚ ਨਾਂ ਦਰਜ ਕਰਵਾਉਣ ਲਈ, ਮੈਨੂੰ ਹਫ਼ਤਿਆਂ-ਬੱਧੀ ਕਤਾਰ 'ਚ ਖਲੋਣ ਦਾ ਮੌਕਾ ਬਖ਼ਸ਼ਣਗੇ
— ਪਰ ਵੀਰ੍ਹਿਆ ! ਮੈਂ 'ਕੁਰਸੀ 'ਚ ਚਿਣੇ ਜਾਣ' ਲਈ, ਕੁਰਸੀਆਂ ਅੱਗੇ ਨੀਲਾਮ ਨਹੀਂ ਹੋਣਾ
ਮੈਂ ਆਪਣੇ ਕਮਰੇ ਦੀਆਂ ਕੰਧਾਂ ਤੇ ਬਣਾਏ ਚਿੱਤਰ, ਤੇ ਮਨ 'ਚ ਉਲੀਕੇ ਸੁਪਨੇ, ਕਮਰੇ ਨੂੰ ਹੀ ਸੌਂਪ ਆਵਾਂਗਾ
ਆਖ਼ਰ ਇਹ ਇਕੱਲਾ ਕਮਰਾ ਹੀ ਤਾਂ ਹੈ...
ਜੋ ਮੈਨੂੰ ਸੋਚਾਂ 'ਚ ਘਿਰੇ ਹੋਏ ਨੂੰ ਦਿੰਦਾ ਰਿਹਾ ਹੈ, ਯਾਰਾਂ ਦੀ ਗਲਵਕੜੀ ਵਰਗਾ ਨਿੱਘ ਤੇ ਮੋਹ
ਮੇਰਾ ਇਹ ਕਮਰਾ ਧਰਤੀ ਤੋਂ ਚਾਲੀ ਫੁੱਟ ਉੱਚਾ ਹੈ, ਇਸ ਲਈ ਮੈਂ ਇਹਦਾ ਨਾਉਂ 'ਚੁਬਾਰਾ' ਰਖਿਆ ਹੈ
— ਆਪਣੇ ਘਰ ਵਾਲੇ ਚੁਬਾਰੇ ਦਾ ਕੀ ਹਾਲ ਐ ? ਮੈਂ ਪਿੰਡ ਆ ਕੇ ਉਸ ਵਿੱਚ ਹੀ 'ਡੇਰਾ' ਲਾਵਾਂਗਾ
ਇਸ ਕਮਰੇ ਤੋਂ ਬਿਨਾਂ, ਕਿਸੇ ਵੀ ਇਮਾਰਤ, ਸੜਕ ਜਾਂ ਰੁੱਖ ਨਾਲ ਮੈਂ ਸਾਂਝ ਨਹੀਂ ਪਾਈ
ਬਹੁਤ ਯਾਦ ਆਉਂਦੀਆਂ ਰਹੀਆਂ ਨੇ, ਪਿੰਡ ਦੀਆਂ ਗਲੀਆਂ
ਭਾਈ ਜਾਨ, ਕੋਈ ਨਹੀਂ ਜਾਣਦਾ ਇਸ ਕਮਰੇ ਦੇ ਸਿਵਾਏ, ਕਿ ਹਰ ਸ਼ਾਮ ਮੈਂ ਘਰ ਨੂੰ ਯਾਦ ਕਰ ਕੇ ਰੋਂਦਾ ਰਿਹਾ ਹਾਂ
ਇਸ ਕਮਰੇ 'ਚ ਇਕੱਲੇ ਬੈਠਿਆਂ, ਮੈਨੂੰ ਯਾਦ ਆਉਂਦੇ ਰਹੇ ਨੇ, ਬਚਪਨ ਦੇ ਉਹ ਯਾਰ
ਜਿਨ੍ਹਾਂ ਨੇ ਦਰਖਤਾਂ ਤੋਂ ਪੁੱਠੇ ਲਟਕਣ, ਤੇ ਪਾਣੀ ਦੀਆਂ ਲਹਿਰਾਂ ਉਤੇ ਤਰਨ ਦਾ ਵਲ ਦਸਿਆ
— ਕੀ ਅਜੇ ਵੀ ਇੰਦੀ ਕਾ ਲੰਗੜਾ' ਤੇ 'ਝਿਊਰਾਂ ਦਾ ਸੁੱਖਾ',
ਮਾਧਾਂ ਵਾਲੇ ਟੋਭੇ 'ਚ ਬੋਹੜ ਤੋਂ ਛਾਲਾਂ ਮਾਰ ਕੇ ਨਹਾਉਂਦੇ ਨੇ ?
ਇਸ ਕਮਰੇ ਦੀ ਬਾਰੀ 'ਚੋਂ ਚੰਨ ਨੂੰ ਤੱਕ ਕੇ, ਯਾਦ ਆ ਜਾਂਦੀ ਹੈ
ਕਿਸੇ ਦੂਰ ਪਿੰਡ, ਚੰਨ-ਚਾਨਣੀ 'ਚ ਕੋਠੇ ਤੇ ਘੂਕ ਸੁੱਤੀ, ਚੰਨ-ਚਾਨਣੀ ਵਰਗੀ ਉਹ ਕੁੜੀ, ਜੋ ਕਿਹਾ ਕਰਦੀ ਸੀ
"ਵੇਖ ਮੌਸਮ ਕਿੰਨਾ ਠੰਢਾ ਤੇ ਨਿੱਘੈ, ਤੈਂ 'ਅੱਗ ਵਰਗੇ ਨਾਹਰੇ' ਲਾ ਕੇ ਕੀ ਲੈਣੈ"
ਹੁਣ ਤਾਂ ਉਹ ਮੈਨੂੰ ਤੇ ਮੇਰੇ ਗੀਤਾਂ ਨੂੰ ਭੁੱਲ ਗਈ ਹੋਵੇਗੀ, ਪਰ ਕਦੇ ਕਦੇ ਖ਼ਤ ਲਿਖ ਕੇ ਪੁੱਛ ਛਡਦੀ ਐ,
"ਤੈਨੂੰ ਫੁੱਲ ਵਾਂਗ ਖਿੜਨਾ ਚੰਗਾ ਕਿਉਂ ਨਹੀਂ ਲਗਦਾ, ਐਮੇਂ ਮੱਥੇ 'ਚ ਵਟ ਪਾ ਕੇ ਤੁਰ ਜਾਣੈਂ ਸ਼ੁਦਾਈਆ"
— ਭਾਈ ਜਾਨ, ਮੈਂ ਉਸ ਨੂੰ ਸਪੱਸ਼ਟ ਲਿਖ ਭੇਜਿਐ —
"ਮੈਂ ਸੱਗੀ-ਫੁੱਲ ਤੇ ਫੁਲਕਾਰੀ ਦੇ ਘੁੰਡ ਵਾਲੀ, ਕੁੜੀ ਦੀਆਂ ਅੱਖਾਂ 'ਚ ਬੀਜਾਂਗਾ ਭਵਿੱਖ ਦੇ ਸੁਪਨੇ"
ਭਲਾ ਉਹ 'ਹਾਈ-ਹੀਲ' ਪਹਿਨਣ ਦੀ ਸ਼ੌਕੀਨ, ਕਿੰਜ ਖਾਲ ਟੱਪ ਕੇ ਪਹੁੰਚਾ ਸਕਦੀ ਏ, ਖੇਤਾਂ 'ਚ ਰੋਟੀ
ਇਸ ਕਮਰੇ 'ਚ ਰਹਿੰਦਾ ਹੋਇਆ, ਮੈਂ ਹਫ਼ਤਿਆਂ-ਬੱਧੀ ਲੋਚਦਾ ਰਿਹਾ ਹਾਂ —
ਬਉਰੀ ਜਿਹੀ ਮਾਂ ਦੀ ਗਲਵਕੜੀ ਨੂੰ, ਵੀਰਿਆ, ਮਾਂ ਨੂੰ ਕੀ ਪਤਾ ਹੈ
ਕਿ ਹਰ ਸੁਬ੍ਹਾ-ਸ਼ਾਮ ਮੈਂ ਯਾਦ ਕਰਦਾ ਰਿਹਾ ਹਾਂ, ਮਾਂ ਦੇ ਬਣਾਏ ਸਾਗ ਤੇ ਤਵੇ ਉਤੇ ਫੁਲਦੀਆਂ ਰੋਟੀਆਂ ਨੂੰ
ਇਸ ਕਮਰੇ 'ਚ ਪੜ੍ਹਦਿਆਂ, ਬੜਾ ਜੀਅ ਕਰਦਾ ਰਿਹਾ ਹੈ, ਬਾਪੂ ਦੀ ਬੁੱਕਲ 'ਚ ਬੈਠ ਨਿੱਕੀਆਂ ਨਿੱਕੀਆਂ ਗੱਲਾਂ ਕਰਨ ਨੂੰ
ਪਿਛਲੀ ਵਾਰ ਉਹ ਜਦ ਇੱਥੇ ਆਏ ਸਨ, ਬੜਾ ਖ਼ੁਸ਼ ਹੋਏ ਸਨ, ਕਮਰੇ ਦੀ ਸਜਾਵਟ ਵੇਖ ਕੇ
ਪਰ ਉਹਨਾਂ ਨੂੰ ਸ਼ਾਇਦ ਨਹੀਂ ਪਤਾ, ਕਿ ਕਈ ਵਾਰ, ਇਹ ਕਮਰਾ ਵੀ ਮੇਰੇ ਲਈ 'ਜੇਲ੍ਹ ਕੋਠੜੀ' ਵਾਂਗ ਹੁੰਦਾ ਹੈ
— ਇਸ ਕਮਰੇ 'ਚ ਰਹਿੰਦਿਆਂ ਪੀਤੀ ਕੌਫੀ ਤੇ ਚਾਹ ਨੇ, ਮੁਕਾ ਦਿੱਤੀ ਹੈ, ਮੇਰੇ ਸਾਹਾਂ 'ਚੋਂ ਗੰਨੇ ਦੀ ਮਹਿਕ

ਤੇ ਮੇਰੇ ਪਿੰਡੇ 'ਚੋਂ ਆਉਂਦੀ ਕੱਚੇ ਦੁੱਧ ਦੀ ਖ਼ੁਸ਼ਬੂ...
ਜੀਅ ਤਾਂ ਬਹੁਤ ਕਰਦੈ, ਭਾਈ ਜਾਨ, ਕਿ ਹੋਰਨਾਂ ਕਮਰਿਆਂ, ਕੋਠੀਆਂ ਤੇ ਕੁਆਟਰਾਂ ਬਾਰੇ ਲਿਖਾਂ
ਜਿਨ੍ਹਾਂ 'ਚ ਰਹਿਣ ਲਈ, ਕਿਸੇ 'ਕੁਰਸੀ' ਦੀ 'ਕੰਧ' ਬਣਨਾ ਪੈਂਦੈ
ਪਰ ਬਹੁਤ ਮੁਸ਼ਕਲ ਹੈ, ਇੱਕੋ ਚਿੱਠੀ 'ਚ, ਇਸ 'ਸੀਮਿੰਟ ਦੇ ਜੰਗਲ' ਦੇ ਇਤਿਹਾਸ ਬਾਰੇ ਲਿਖਣਾ
— ਮੈਂ ਆਪਣੇ ਕਮਰੇ ਦਾ ਸ਼ੁਕਰ-ਗੁਜ਼ਾਰ ਹਾਂ, ਜਿਸ ਮੈਨੂੰ ਖਿੰਡ ਜਾਣ ਤੋਂ ਬਚਾਈ ਰੱਖਿਆ
ਜਦੋਂ ਮੈਂ ਯਾਰਾਂ ਦੀਆਂ ਗਲਵਕੜੀਆਂ 'ਚ ਘਿਰਿਆ, ਘਰ ਨੂੰ ਯਾਦ ਕਰ ਰਿਹਾ ਹੁੰਦਾ ਸਾਂ...
ਛੱਡੋ ! ਭਾਈ ਜਾਨ, ਮੈਂ ਐਮੇਂ ਭਾਵਕ ਹੋ ਰਿਹਾਂ, ਹਾਂ ਸੱਚ, ਨਿੱਕੇ ਅਤੇ ਗੱਜਣ ਦੇ ਪਾਣੀ ਦੇ ਝਗੜੇ ਦਾ ਕੀ ਬਣਿਆ
ਉਨ੍ਹਾਂ ਨੂੰ ਕਹਿਣਾ ਕਿ ਇਹ ਸਮਾਂ, ਖਾਲਾਂ ਤੇ ਖੇਤਾਂ ਦੀਆਂ ਵੱਟਾਂ ਲਈ ਲੜਨ ਦਾ ਨਹੀਂ
ਕੀ ਅਜੇ ਵੀ ਗੁਆਂਢੀ ਪਿੰਡਾਂ-ਰੱਲੇ, ਜੋਗੇ ਤੇ ਅਕਲੀਏ 'ਚ, ਅੰਨ੍ਹੇ-ਵਾਹ ਹੁੰਦਾ ਪੁਲਸੀ ਤਸ਼ੱਦਦ ਬੰਦ ਨਹੀਂ ਹੋਇਆ ?
— ਆਪਣੇ ਪਿੰਡ ਵਾਲਿਆਂ ਨੂੰ ਕਹਿਣਾ, ਇੱਕ-ਮੁੱਠ ਹੋ ਕੇ ਰਹਿਣ
ਹਕੂਮਤ ਦੀ 'ਈਮਾਨਦਾਰੀ' ਦਾ ਕੀ ਪਤਾ ਹੈ, ਕਦ ਰੋਲ ਦੇਵੇ, ਸੱਥ 'ਚ ਬਜ਼ੁਰਗਾਂ ਦੀਆਂ ਚਿੱਟੀਆਂ ਪੱਗਾਂ
ਬਾਬਾ ਜੀ ਤੇ ਦਾਦੀ ਨੂੰ ਕਹਿਣਾ, ਘਬਰਾਉਣ ਨਾ, ਸਾਨੂੰ 'ਬੱਸ-ਹਾਈ-ਜੈਕ' ਕਰਨ ਵਾਲੇ ਕੇਸ 'ਚ ਕੁਝ ਨਹੀਂ ਹੋਣ ਲੱਗਾ
ਮੈਂ ਆਉਣ ਲਗਿਆਂ, ਬਚਨੋ ਚੌਕੀਦਾਰ. ਤੇ ਬੀਹੀਆਂ ਸੰਵਾਰਨ ਵਾਲੀ ਪ੍ਰਤਾਪੀ ਬੁੜੀ ਲਈ
'ਘਾਵਾ ਰਾਮ ਦਾ ਸੁਰਮਾ' ਲੈ ਕੇ ਆਵਾਂਗਾ, ਭਾਬੀ ਮਨਜੀਤ ਲਈ 'ਪਟਿਆਲੇ ਦੇ ਰੇਸ਼ਮੀ ਨਾਲੇ'
ਤੇ ਸ਼ਿੰਦਰ ਭੈਣ ਲਈ 'ਕਢਾਈ ਤੇ ਸੁੰਦਰ ਨਮੂਨੇ' ਲਿਆਵਾਂਗਾ
— ਚਾਚਾ ਜੀ, ਮਾਸੀ ਜੀ, ਵੀਰ ਅਮਰੀਕ, ਆਪਣੇ ਮੱਝਾਂ ਦੇ ਪਾਲੀ, ਸੀਰੀਆਂ, ਬਲਦਾਂ
ਵਿਹੜੇ 'ਚ ਲੱਗੇ ਨਿੰਮ, ਚੁਬਾਰੇ ਤੇ ਬੈਠੇ ਕਬੂਤਰਾਂ ਤੇ ਚਿੜੀਆਂ ਨੂੰ, ਮੇਰੀ ਵਾਪਸੀ ਦਾ ਸੁਨੇਹਾ ਦੇ ਦੇਣਾ
ਪਰ ਭੈਣ ਰਚਨਾ ਤੇ ਭਤੀਜੇ ਬਲਰਾਜ ਨੂੰ ਹਾਲੀਂ ਨਾ ਦੱਸਣਾ, ਐਵੇਂ ਹਰ ਰੋਜ਼ ਮੇਰਾ ਰਾਹ ਵੇਖਣਾ ਸ਼ੁਰੂ ਕਰ ਦੇਣਗੇ
— ਜੱਗੀ ਗੁਰਮੀਤ ਤੇ ਸੁਰਿੰਦਰ ਮੇਰੇ ਨਾਲ ਆਉਣਗੇ, ਹੋਲੀ ਵਾਲੇ ਦਿਨ ਭਾਬੀ ਨੂੰ 'ਰੰਗ 'ਚ ਨਹਾਉਣ'
ਮੇਰੇ ਵਲੋਂ ਗੁਆਂਢੀਆਂ ਤੇ ਹਰ ਪੜ੍ਹਦੇ-ਸੁਣਦੇ ਨੂੰ, ਗੁੜ ਵਰਗੀ ਮਿੱਠੀ ਸਤਿ ਸ੍ਰੀ ਅਕਾਲ ...
— ਤੁਹਾਡੀ ਆਪਣੀ ਸੱਜੀ ਬਾਂਹ — ਜੋਤੀ ਸਰਾਂ ।

# ਡੋਲੀ

ਸੰਤ ਰਾਮ ਉਦਾਸੀ

ਹੱਸ ਹੱਸ ਤੋਰ ਦੇ ਤੂੰ ਡੋਲੀ ਮੇਰੀ ਬਾਬਲਾ ਵੇ, ਕਿਹੜੀ ਗੱਲੋਂ ਰਿਹਾ ਏਂ ਤੂੰ ਝੂਰ ।
ਧਰਤੀ ਤਿਹਾਈ ਜਿਉਂ ਪਸੀਨਾ ਮੰਗੇ ਕਾਮਿਆਂ ਦਾ, ਮਾਂਗ ਮੇਰੀ ਮੰਗਦੀ ਸੰਧੂਰ ।

ਸੁੱਤੇ ਸੁੱਤੇ ਪਏ ਦੀ ਤਾਂ ਨੀਂਦ ਤੇਰੀ ਟੁੱਟ ਜਾਂਦੀ, ਹੋਈ ਸੀ ਮੈਂ ਜਿੱਦੇ ਦੀ ਜੁਆਨ,
ਕਿਉਂ ਜੋ ਸਰਮਾਏਦਾਰੀ ਦੌਰ ਵਿਚ ਬੜਾ ਔਖਾ, ਸਾਂਭਣਾ ਵੇ ਧੀਆਂ ਨੂੰ ਇਮਾਨ,
ਤੱਕ ਨਾ ਨੀ ਮਾਏ ਸਾਨੂੰ ਸੁੱਚੀਆਂ ਸੁਗੰਧੀਆਂ ਨੂੰ, ਆਇਆ ਮੇਰੀ ਆਸ ਉਤੇ ਬੂਰ ।
ਧਰਤੀ ਤਿਹਾਈ......

ਸੁੱਚੀ ਸੁੱਚੀ ਚੁੰਨੀ ਤੇਰੀ ਸੁਣ ਮੇਰੀ ਅੰਮੀਏਂ ਨੀ, ਸਾਡਾ ਹੈ ਸੀ ਆਲ੍ਹਣਾ ਘਣੀ,
ਸਾਡੇ ਜਿੰਨਾ ਪਿਆਰ ਨੀ ਹੰਢਾ ਨਾ ਸਕੇ ਮਾਏ ਕੋਈ, ਹੋਵੇ ਚਾਹੇ ਲੱਖਾਂ ਦਾ ਧਨੀ,
ਡੱਕੋ ਨਾ ਵੇ ਵੀਰੋ ਸਾਡੀ ਡਾਰ ਵੇ ਉਡਾਰਨਾਂ ਦੀ, ਸਾਡੀਆਂ ਤੇ ਮੰਜ਼ਲਾਂ ਨੇ ਦੂਰ ।
ਧਰਤੀ ਤਿਹਾਈ......

ਇਕ ਤਲਵਾਰ ਮੇਰੀ ਡੋਲੀ ਵਿਚ ਰੱਖ ਦਿਉ, ਹੋਰ ਵੀਰੋ ਦਿਉ ਨਾ ਵੇ ਦਾਜ,
ਸਾਡੇ ਵੱਲ ਕੋਈ ਅੱਖ ਝਾਕ ਨਾ ਵੇ ਸਕੇ, ਸਾਡਾ ਰਸਮੀ ਤੇ ਵਹਿਮੀ ਇਹ ਸਮਾਜ,
ਰਾਹਾਂ ਵਿਚ ਪਿੰਡ ਦਿਆਂ ਲੰਬੜਾਂ ਨੇ ਘਾਤ ਲਾਈ, ਜ਼ੁਲਮਾਂ ਦਾ ਜਿਨ੍ਹਾਂ ਨੂੰ ਗਰੂਰ ।
ਧਰਤੀ ਤਿਹਾਈ.....

ਜੁਗ ਜੁਗ ਜੀਣ ਤੇਰੇ ਪੋਤਰੇ ਤੇ ਪੋਤਰੀਆਂ, ਖਿੜੀ ਰਹੇ ਵਿਹੜੇ ਦੀ ਬਹਾਰ,
ਪੂੰਜੀਪਤ ਯੁਗ ਵਿਚ ਫੁੱਲਾਂ ਤੋਂ ਵੀ ਹੌਲੀ ਕੁੜੀ, ਜਾਪਦੀ ਏ ਗੱਡੇ ਜਿੰਨਾ ਭਾਰ,
ਕੰਡਿਆਂ ਦੇ ਉਹੋ ਵੀ ਤਾਂ ਬਦੋਬਦੀ ਹੱਸੀ ਜਾਣਾ, ਫੁੱਲਾਂ ਦੇ ਹੈ ਚਿੱਤਾਂ ਦਾ ਗਰੂਰ ।
ਧਰਤੀ ਤਿਹਾਈ......

## ਦੋ ਅਖੰਰ ਯਾਦ ਭਰੇ

**ਗੁਰਮੀਤ ਪੰਨੂੰ**

ਆ ਮੇਰੇ ਲਾਲਣਾਂ
ਖੋ ਜਾਈਏ ਮਦਹੋਸ਼ੀ ਵਿਚ
ਪਾ ਕੇ ਗਲਵਕੜੀ।
ਮੇਰੀ ਸਦੀਆਂ ਦੀ ਪਿਆਸ
ਬੁਝ ਗਈ
ਤੇਰੇ ਪਿਆਰ ਪਤਰ ਨੂੰ ਚੁੰਮ ਕੇ।
ਅਜੇ ਵੀ ਜੂਠੀਆਂ ਹਨ
ਇਹ ਬੁਲੀਆਂ,
ਤੇਰੇ ਚੁੰਮਣ ਨਾਲ।
ਮੈਂ ਬਾਰ ਬਾਰ ਚੁਸਦਾ ਹਾਂ
ਇਹਨਾਂ ਨੂੰ
ਪਿਆਰ ਤੇਰਾ ਘੁਲ ਘੁਲ ਕੇ
ਸਰਬ ਮੇਰੇ ਅੰਦਰ ਠਹਿਰ ਰਿਹਾ ਹੈ।
ਮੈਨੂੰ ਪੀਤੀ ਜਿਨਾਂ ਨਸ਼ਾ ਹੈ
ਜਦੋਂ ਦਾ ਮੇਰੇ ਪੁੰਨਣ ਨੇਂ
ਜਾਮ ਭਰ ਪਲਾਇਆ ਏ।
ਤੇ ਮਦਹੋਸ਼ੀ ਵਿਚ ਮੈਂ
ਆਪਣੀ ਜ਼ਿੰਦਗੀ ਦੇ ਬੀਤੇ
ਸਾਰੇ ਪਲ ਗਾਹ ਆਇਆ ਹਾਂ।
ਉਹ ਰਾਹ, ਉਹ ਧੂੜ, ਉਹ ਪਹੇ
ਜਿਨਾਂ ਤੇ ਤੇਰੇ ਨਾਲ ਤੁਰਿਆ
ਤੂੰ ਮੈਨੂੰ ਪਿਆਰ ਦਿਤਾ।
ਤਾਰਿਆਂ ਦੀ ਛਾਂ ਥਲ
ਦੁਧ ਧੋਤੀ ਰਾਤ ਵਿਚ
ਪਾਈਆਂ ਪਿਆਰ ਕਹਾਣੀਆਂ।
ਜ਼ਿੰਦਗੀ ਦੇ ਪਰਦੇ ਤੇ ਵੇਖੇ
ਹੁਸੀਨ ਚਿਤਰ
ਤੇ ਕੀਤੇ ਕੌਲ ਇਕਰਾਰ
ਪਿਆਰ ਦੇ ਦੇਵਤੇ ਦੇ ਸਾਹਮਣੇ
ਤੋੜ ਨਿਭਾਉਣ ਦੇ,
ਮੇਰੀਆਂ ਯਾਦਾਂ ਹਰੀਆਂ
ਕਰ ਰਹੇ ਹਨ ਜੋ
ਸਕਣਗੇ ਨਾਂ ਕਦੀ ਭੁਲ।
ਭਾਵੇਂ ਤੂੰ ਮੈਨੂੰ ਕਹੇਂ ਬੇਵਫਾ
ਕੇ ਵਿਛੋੜੇ 'ਚ ਪਾ ਆਈਆਂ
ਹਾਂ ਤੈਨੂੰ।
ਪਰ ਕਿਸੇ ਦੀ ਯਾਦ ਵਿਚ ਹੀ
ਕਿਸੇ ਗੇੜਿਆ ਸੀ ਖੂਹ
ਬਾਰਾਂ ਸਾਲ
ਤੇ ਪੁਟ ਦਿਤੀ ਸੀ ਨਹਿਰ
ਪਹਾੜਾਂ ਵਿਚ ਕਿਸੇ ਦੇ
ਇਕੋ ਤੇਸੇ ਨੇ
ਜਿਨਾਂ ਸਿਰਫ ਇਕ ਝਲਕ ਵੇਖੀ ਸੀ
ਆਪਣੇ ਦਿਲਦਾਰ ਦੀ।
ਤੇ ਮੇਰੀ ਰੂਹ ਤੇਰੀ ਰੂਹ
ਨਾਲ ਇਕ ਹੋਈ
ਕਦੀ ਵਿਛੜ ਨਹੀਂ ਸਕਦੀ—
ਭਾਵੇਂ ਨੇ ਮਿਟੀ ਸਰੀਰ
ਦੂਰ ਦੂਰ।
ਬੈਠਾਂ ਹਾਂ ਯਾਦਾਂ ਨੂੰ
ਗਲਵਕੜੀ ਪਾ ਕੇ
ਇਸ ਮਿਠੀ ਜਹੀ ਧੁਪ ਵਿਚ
ਜਦੋਂ ਕੇ ਸਾਰਾ ਗੋਰਾ ਹੁਸਨ
ਰਗੜ ਰਿਹਾ ਹੈ ਆਪਣੀਆਂ
ਛਾਤੀਆਂ ਰੇਤ ਉਤੇ
ਸਮੁੰਦਰ ਦੇ ਕੰਢੇ
ਇਸ ਨਿਘੀ ਮਿਠੀ ਧੁਪ
ਦੇ ਮਜ਼ੇ ਲਈ।
ਤੇ ਸੜਕਾਂ ਤੇ ਨੰਗੇਜ
ਘੁੰਮ ਰਿਹਾ ਹੈ
ਸਿਰਫ ਦੋ ਰਮਾਲੀਆਂ
ਬੰਨੀ—ਤੇ ਪਾਈ
ਆਪਣੇ ਸਜਣ ਦੀ
ਬਾਂਹ ਵਿਚ ਬਾਂਹ।
ਇਹ ਸਾਰਾ ਹੁਸਨ, ਇਸ਼ਕ
ਗਰਕ ਹੋ ਰਿਹਾ ਹੈ—
ਨਸ਼ੇ ਵਿਚ—
ਨਹੀਂ ਸ਼ਰਮ ਕਿਸੇ ਨੂੰ
ਆਪਣੇ ਮਾਂ, ਬਾਪ,
ਭਰਾ ਦੀ
ਚਾਹੀਦਾ ਹੈ ਇਹਨਾਂ
ਨੂੰ ਸਿਰਫ
ਨਸ਼ਾ ਤੇ ਜਵਾਨ ਦਿਲ।
ਛਡ ਦਿਤਾ ਹੋਣਾਂ ਏ ਕਿਤਾਬਾਂ ਨੇ
ਚਟਣਾਂ ਤੇਰਾ ਦਿਮਾਗ
ਤੇ ਹੁਣ ਤੂੰ ਕਾਵਿ ਸ਼ਾਇਰੀਆਂ
ਵਿਚ ਵਿਚਰ ਰਿਹਾ ਹੋਵੇਂਗਾ
ਕਣਕਾਂ ਦੇ ਬੰਨੇ, ਛਟਾਲੇ ਦੇ
ਖੇਤਾਂ 'ਚ—ਲਭਦਾ
ਆਪਣਾ ਦਿਲ।
ਕਿਉਂਕੇ ਕੁਛ ਸਿਖਣਾਂ
ਸ਼ੁਰੂ ਕਰ ਦਿਤਾ ਏ ਤੂੰ
ਇਹਨਾਂ ਠੋਕਰਾਂ ਤੋਂ—
ਕਰ ਸਚੇ ਦਿਲੋਂ ਅਰਾਧਨਾਂ
ਉਸ ਦੀ—
ਜਿਸ ਨੇਗਿਟਿਵ ਤਾਰ ਨਾਲ
ਤੇਰਾ ਪੌਜਿਟਿਵ ਤਾਰ ਦਾ
ਸਿਰਾ ਜੁੜ ਰਿਹਾ ਏ—
ਕਦੀ ਨਹੀਂ ਹੋਇਆ
ਇਕ ਪਾਸੜ ਪਿਆਰ
ਇਸ ਦੁਨੀਆਂ ਵਿਚ
ਪਰਵਾਨੇ ਜਲ ਜਾਂਦੇ ਨੇ
ਸ਼ਮਾਂ ਲਈ
ਵਿਖਾਵਾ ਨਹੀਂ ਮੰਨਦੀ ਦੁਨੀਆਂ।
ਕਰ ਪਿਆਰ ਤੂੰ ਆਤਮਾਂ
ਨੂੰ—ਪਿਆ ਨਹੀਂ ਕੁਛ
ਵਿਚ ਸ਼ਰੀਰਾਂ ਦੇ
ਕਾਮਨਾ ਹੁੰਦੀ ਹੈ ਰੂੰ
ਦੀ ਅੱਗ।
ਕਰ ਮਜਬੂਤ ਆਪਣੇ
ਦਿਲ ਨੂੰ
ਐਵੇਂ ਨਾਲ ਡੋਲ ਇਹਨੂੰ
ਹਰ ਲਿਸ਼ਕਦੀ ਚੀਜ ਤੇ—
ਹੁੰਦੀ ਨਹੀਂ ਸੋਨਾਂ ਜੋ।
ਖਾਂਦੇ ਹਨ ਧੋਖਾ, ਜੋ
ਲਿੰਗ ਰੂਪੀ ਦੀਵੇ ਨੂੰ
ਛਿਨ ਭਰ ਦੀ ਤਸਲੀ
ਲਈ ਜਗਾਉਂਦੇ ਹਨ
ਨਾਲ ਮਿਟੀ ਦੇ ਤੇਲ ਦੇ।

ਇਹ ਪਿਤਲ ਦਾ ਦੀਵਾ ਵੀ
ਬਦਲ ਜਾਂਦਾ ਏ
ਸੋਨੇ 'ਚ ਜੇ
ਕਰ ਲਏ ਇਨਸਾਨ
ਸਵੈ-ਕਾਬੂ
ਆਪਣੇ ਆਪ ਤੇ
ਪਰ ਮਾਨਸਕ ਥੇੜੀ ਨੂੰ
ਸਾਂਵਾ ਰਖਣ ਲਈ
ਕਰ ਲੈਣਾ ਚਾਹੀਦਾ ਏ
ਸਮਝੌਤਾ ਆਪਣੇ
ਲਿੰਗ ਖਿਆਲਾਂ ਨਾਲ।

ਮੇਰੇ ਮਨ ਨੂੰ
ਸ਼ਾਤੀ ਨਹੀਂ ਅਜੇ ਤਕ
ਭਟਕਦਾ ਰਹਿੰਦਾ ਹਾਂ
ਦਿਨ-ਰਾਤ
ਇਹਨਾਂ ਵਿਚਾਰਾਂ ਕਰਕੇ
ਕਿਓਂਕੇ ਇਸ ਸਮਾਜ
ਦਾ ਬੇਵਫਾ ਦਾ ਦਿਤਾ
ਸਰਟੀਫਕੇਟ—ਮੇਰੇ
ਰਿਹਾ ਹੈ ਲਮਕ ਵਿਚ
ਗਲ ਦੇ।

ਚਾਹੁੰਦਾ ਨਹੀਂ ਸਾਂ
ਮਧੋਲਣੀ ਕਿਸੇ ਦੀ
ਜਿਦਗੀ ਬਾਰਾਂ ਦੇ
ਪੈਰਾਂ ਥਲੇ।

ਬੈਠਾਂ ਹਾਂ ਤੇਰਾ ਵੀਰ
ਵਿਚ ਦੁਨੀਆਂ ਦੇ
ਪੜਨ ਲਈ ਤੇਰੇ
ਦਿਲ ਦੀ—ਖੁਲੀ ਕਿਤਾਬ,
ਸੁਨਣ ਲਈ ਤੇਰੇ
ਧੜਕਦੇ ਦਿਲ ਦੀ
ਅਵਾਜ਼
ਤੇਰੇ ਜਖਮਾਂ ਤੇ ਮਲ੍ਹਮ
ਲਾਉਣ ਲਈ
ਤੇਰੇ ਪਿਆਰ ਤੇ ਪੜਦੇ ਪਾਉਣ ਲਈ
ਭੁਲਣਾਂ ਨਾਂ ਇਸ
ਨਿਮਾਣੀਂ ਜਿੰਦ ਨੂੰ।

**(Surrey, B. C.)**

# ਰੀਂਗਦੀ ਜ਼ਿੰਦਗੀ

**ਬਲਵੰਤ ਚੌਹਾਨ**

ਹਰਜਾਪ ਬਹੁਤ ਥੱਕਿਆ ਹੋਇਆ ਸੀ। ਇਕ ਤਾਂ ਉਸਨੂੰ ਦਫਤਰ ਸ਼ੁਰੂ ਹੋਣ ਤੋਂ ਚਾਰ ਘੰਟੇ ਪਹਿਲਾਂ ਆਉਣਾ ਪਿਆ ਸੀ ਤੇ ਦੂਜੇ ਛੁੱਟੀ ਦਫਤਰ ਬੰਦ ਹੋਣ ਤੋਂ ਘੰਟਾ ਬਾਅਦ। ਸਾਰੇ ਆਪੋ ਆਪਣੇ ਕਾਗਜ਼ ਪੱਤਰ ਸਮੇਟ ਕੇ ਜਾ ਚੁਕੇ ਸਨ ਤੇ ਹਰਜਾਪ ਹੀ ਇਕੱਲਾ ਰਹਿ ਗਿਆ ਸੀ ਜੋ ਬੈਲੰਸ ਸ਼ੀਟ ਮਿਲਾਉਣ 'ਚ ਛੇ ਵਜਾ ਬੈਠਾ ਸੀ।

ਹਰਜਾਪ ਦੁਪਿਹਰ ਨੂੰ ਰੋਟੀ ਨਹੀਂ ਸੀ ਖਾਂਦਾ। ਭੁੱਖਾ ਰਹਿਣ ਨਾਲ ਵੀ ਉਸਨੂੰ ਥਕੇਵਾਂ ਬਹੁਤ ਹੋਇਆ ਪਿਆ ਸੀ। ਉਸਦਾ ਦਿਲ ਕਰਦਾ ਸੀ ਕਿ ਇਕ ਕੱਪ ਚਾਹ ਦਾ ਹੀ ਪੀ ਲਵੇ ਪਰ ਕੰਟੀਨ ਦੇ ੪੦/- ਰੁ: ਦੀ ਅਜੇ ਤਕ ਪੇਮੈਂਟ ਨਹੀਂ ਸੀ ਹੋਈ ਇਸੇ ਲਈ ਚਾਹ ਦੇ ਕੱਪ ਦੀ ਯਾਦ ਨੇ ਹੀ ਉਸਦਾ ਢਿੱਡ ਭਰ ਦਿਤਾ ਸੀ।

ਸੂਰਜ ਸਮੁੰਦਰ ਵਿਚ ਡੁਬਕੀ ਮਾਰਨ ਨੂੰ ਕਾਹਲਾ ਪਿਆ ਹੋਇਆ ਸੀ, ਕਿਰਨਾ ਪੱਛਮ ਵੱਲ ਦੌੜ ਦੌੜ ਕੇ ਛੁੱਪ ਰਹੀਆਂ ਸਨ, ਪੰਛੀ ਆਪੋ ਆਪਣੇ ਆਲ੍ਹਣਿਆਂ ਵੱਲ ਨੂੰ ਆਰਾਮ ਕਰਨ ਲਈ ਡਾਰਾਂ ਦੀਆਂ ਡਾਰਾਂ ਬੰਨ੍ਹੀ ਜਾ ਰਹੇ ਸਨ ਤੇ ਹਰਜਾਪ ਬੈਲੰਸ਼ ਸ਼ੀਟ ਨੂੰ ਮਿਲਾਉਣ ਵਿਚ ਪੂਰੀ ਵਾਹ ਲਾ ਰਿਹਾ ਸੀ—ਸਿਰਫ ਦੋ ਪੈਸੇ ਦਾ ਫਰਕ ਸੀ।

ਚੌਕੀਦਾਰ ਚਾਬੀਆਂ ਦਾ ਗੁੱਛਾ ਗਲ 'ਚ ਪਾਈਂ ਫਿਰ ਰਿਹਾ ਸੀ। ਚੌਕੀਦਾਰ ਵੀ ਚਾਰ ਵਾਰੀ ਹਰਜਾਪ ਦੇ ਕਮਰੇ ਵਿਚ ਫੇਰਾ ਪਾ ਚੁਕਾ ਸੀ "ਬਾਬੂ ਜੀ, ਅਮ ਕਾ ਬੀ ਬਾਲ ਬੱਚਾ ਰੋਟੀ ਕਾਟਾ ਹਇ, ਅਮ ਲੋਗ ਉਨਕਾ ਲੀਏ ਕਾਨੇ ਪੀਨੇ ਕਾ ਇੰਤਜਾਮ ਕਰੇਗਾ, ਟੁਮ ਲੋਗ ਉਟਨੇ ਕਾ ਨਾਮ ਈ ਨ੍ਹੀ ਲੇਟਾ ਸ਼ਾਅਬ......" ਚੌਕੀਦਾਰ ਅੱਕ ਕੇ ਆਖ ਰਿਹਾ ਸੀ। "ਉਏ ਅਸੀਂ ਲੰਜੀ ਬੁੱਚੀ ਆਂ, ਸਾਡੇ ਨ੍ਹੀਂ ਬੱਚੇ, ਮੈਂ ਨ੍ਹੀਂ ਉਨ੍ਹਾਂ ਵਾਸਤੇ ਕੁਝ......?" ਹਰਜਾਪ ਨੇ ਘੁਰਕ ਕੇ ਚੌਕੀਦਾਰ ਦੀ ਟੈਂ ਟੈਂ ਬੰਦ ਕਰ ਦਿਤੀ।

ਚੌਕੀਦਾਰ ਆਪਣੇ ਬੱਚਿਆਂ ਲਈ ਰੋਟੀ ਟੁੱਕ ਦਾ ਆਹਰ ਕਰਨ ਚਲਿਆ ਗਿਆ ਤੇ ਹਰਜਾਪ ਫਿਰ ਬੈਲੰਸ ਸ਼ੀਟ ਮਗਰ ਪੈ ਗਿਆ—ਹੁਣ ਤਕ ਇਕ ਪੈਸੇ ਦਾ ਫਰਕ ਨਿਕਲਿਆ ਸੀ। ਬੱਸ ਇਕ ਪੈਸਾ। ਫਰਕ ਕਿੱਥੇ ਐ ? ਕਿਤੇ ਜੋੜ ਗਲਤ ਨਾ ਹੋ ਗਿਆ ਹੋਵੇ ? ਹਰਜਾਪ ਬੈਲੰਸ ਸ਼ੀਟ ਦਾ ਫਿਰ ਜਾਪ ਕਰਨ ਲੱਗ ਪਿਆ।

ਹੁਣ ਉਸਨੇ ਦੁਬਾਰਾ ਜੋੜ ਕੀਤਾ। ਲਗਦਾ ਸੀ ਬੈਲੰਸ ਸ਼ੀਟ ਮਿਲੀ ਕਿ ਮਿਲੀ। ਹਰਜਾਪ ਨੇ ਜੁੱਤੀ ਪਾ ਲਈ, ਕਾਗਜ਼ ਉਪਰ ਹੇਠਾਂ ਕਰਕੇ ਠੀਕ ਕਰ ਰਿਹਾ ਸੀ ਕਿ ਚੌਕੀਦਾਰ ਦੇ ਗਲ 'ਚ ਪਈਆਂ ਚਾਬੀਆਂ ਠੋਕਰ ਲੱਗਣ ਨਾਲ ਖੜਕੀਆਂ। "ਬੱਸ ਬਈ, ਚੱਲਣ ਲੱਗੇ ਆਂ ਹੁਣ ਤਾਂ......ਮੁਸ਼ਕਲ ਨਾਲ ਈ ਮਿਲੀ ਐ......।"

ਚੌਕੀਦਾਰ ਦਰਵਾਜ਼ਾ ਬੰਦ ਕਰਕੇ ਜਾ ਚੁਕਾ ਸੀ। ਹਰਜਾਪ ਸਾਇਕਲ ਹੱਥ 'ਚ ਫੜੀ ਸਾਇਕਲਾਂ ਵਾਲੀ ਦੁਕਾਨ ਵੱਲ ਨੂੰ ਜਾ ਰਿਹਾ ਸੀ। ਰੋਜ਼ ਹਵਾ ਭਰਾ ਕੇ ਹੀ ਕੰਮ ਚਲ ਜਾਂਦਾ ਸੀ—ਪੈਂਚਰ ਲਗਵਾਉਣ ਦਾ ਕਦੇ ਸਮਾਂ ਨਹੀਂ ਹੁੰਦਾ ਸੀ ਤੇ ਕਦੇ ਪੈਸੇ......।

ਹਰਜਾਪ ਹੌਲੀ ਹੌਲੀ ਸਾਇਕਲ ਉਤੇ ਊਂਘਦਾ ਆ ਰਿਹਾ ਸੀ। ਉਸਦੇ ਸਾਇਕਲ ਦੀਆਂ ਬਰੇਕਾਂ ਇਕ ਦਮ ਲੱਗ ਗਈਆਂ ਜਦੋਂ ਉਸਦੇ ਬੱਚੇ ਨੇ ਉਸਦੀ ਜਵਾਬ ਤਲਬੀ ਕੀਤੀ, "ਡੈਡੀ ਆਪ ਰੋਜ਼ ਲੇਟ ਆਂਡੇ ਨੇ......ਆਪ ਨੂੰ ਘਰ ਡਾ ਫਿਟਰ ਨ੍ਹੀ ਹੈਗਾ...? ਮੰਮੀ ਆਪ ਨੂੰ ਡੀਟਡੇ ਰਹਿੰਡੇ ਨੇ......" ਮੰਮੀ ਗਰਦਨ ਅਕੜਾਈ ਖੜ੍ਹੀ ਸੀ ਕਿ ਉਸਦੀ ਸਿਖਲਾਈ ਕਾਮਯਾਬ ਸੀ। "ਡੈਡੀ, ਅਸੀਂ ਡੀਬਾ ਬਾਲਨ ਜਾਵਾਂਡੇ, ਟੁਟੀ ਬੀ ਜਾਉਮੇਂ......" ਬੱਚੇ ਨੇ ਆਪਣੀ ਗੱਲ ਜਾਰੀ ਰੱਖੀ। "ਹਾਂ ਬੇਟੇ, ਜ਼ਰੂਰੀ ਜਾਵਾਂਗੇ......" ਹਰਜਾਪ ਨੇ ਸੋਚ ਕੇ ਹਾਂ ਕਰ ਦਿਤੀ ਕਿ ਕਿਤੇ ਬੱਚੇ ਦੇ ਦਿਮਾਗ ਤੇ ਕੋਈ ਉਲਟਾ ਅਸਰ ਨਾ ਹੋਵੇ। ਥੱਕੇ ਟੁੱਟੇ ਹਰਜਾਪ ਨੇ ਘਰ ਵੱਲ ਪਿੱਠ ਕਰ ਲਈ ਤੇ ਦੀਵਾ ਬਾਲਣ ਜਾ ਰਹੀ ਪਤਨੀ ਦੇ ਪਿਛੇ ਪਿਛੇ ਹੋ ਲਿਆ। ਹਰਜਾਪ ਦੇ ਦਿਮਾਗ 'ਚ ਆਇਆ ਕਿ ਉਹ ਬੱਚੇ ਦੀ ਮਾਂ ਨੂੰ ਪੁੱਛੇ ਕਿ ਇਹ ਕਿਹੜਾ ਆਪਣਾ ਧਰਮ ਹੈ ਪਰ ਬੱਚੇ ਦੀ ਹੋਂਦ ਕਾਰਣ ਉਹ ਆਪਣਾ ਸਵਾਲ ਅੰਦਰੇ ਅੰਦਰ ਨਿਘਾਰ ਗਿਅ ਕਿਉਂਕਿ ਉਸਨੇ ਬੱਚੇ ਨੂੰ "ਹਰ ਇਕ ਚੀਜ਼ ਚੰਗੀ ਹੈ" ਦੀ ਸਿੱਖਿਆ ਦੇ ਰੱਖੀ ਸੀ।

ਮਸੀਤ ਦੇ ਦਰਵਾਜ਼ੇ ਬੰਦ ਸਨ ਜਿਵੇਂ ਖੁਦਾ ਕਿਤੇ ਬਾਹਰ ਸੈਰ ਨੂੰ ਗਿਆ ਹੋਵੇ। "ਤੁਮ ਲੋਗ ਚਿਰ...ਆ...ਗ...ਜਲਾਨੇ...ਅ...ਆ.... ਆ...ਏ...ਹੋ ?" ਇਕ ਬਿਮਾਰੀਆਂ ਦੇ ਖਾਧੇ ਬਜ਼ੁਰਗ ਨੇ ਬੜੀ ਮੁਸ਼ਕਲ ਨਾਲ ਕੰਬਦੀ ਆਵਾਜ਼ 'ਚ ਆਪਣਾ ਸਵਾਲ ਪੂਰਾ ਕੀਤਾ। ਉਨ੍ਹਾਂ ਦਾ ਜਵਾਬ ਸੁਣੇ ਬਿਨਾਂ ਹੀ ਉਸਨੇ ਦਰਵਾਜ਼ਾ ਖੋਹਲ ਦਿਤਾ।

ਅੰਦਰ ਚਿਰਾਗ ਜਲ ਰਹੇ ਸਨ। ਮਸੀਤ ਦੇ ਵਿਚਕਾਰ ਨੌ ਫੁਟੀ ਕਬਰ ਸੀ ਜਿਸਤੇ ਰੇਸ਼ਮੀ ਕੱਪੜਾ ਦਿਤਾ ਹੋਇਆ ਸੀ। ਬੱਚੇ ਦੀ ਮੰਮੀ ਚਿਰਾਗ ਬਾਲ ਕੇ ਕਬਰ ਦੀ ਪ੍ਰਕਰਮਾ ਕਰ ਰਹੀ ਸੀ ਅਤੇ ਉਸ ਕਬਰ ਨੂੰ ਘੁੱਟ ਰਹੀ ਸੀ ਜਿਵੇਂ ਪੱਥਰ ਦਰਦ ਨਾਲ ਕੁਰਲਾ ਰਿਹਾ ਹੋਵੇ।

ਹਰਜਾਪ ਤੋਂ ਖੜ੍ਹਿਆ ਨਹੀਂ ਸੀ ਜਾ ਰਿਹਾ, ਉਸਦਾ ਸ਼ਰੀਰ ਥਕੇਵੇਂ ਨੇ ਤੋੜਿਆ ਪਿਆ ਸੀ, ਭੁੱਖ ਨੇ ਪੇਟ ਦੂਹਰਾ ਕੀਤਾ ਪਿਆ ਸੀ, ਬੈਲੰਸ ਸ਼ੀਟ ਨੇ ਉਸਦੇ ਸਿਰ ਵਿਚ ਕੱਖ ਨਹੀਂ ਸੀ ਛੱਡਿਆ...ਫਿਰ ਵੀ ਮਜ਼ਬੂਰੀ ਨੇ ਬੰਨ੍ਹ ਕੇ ਖੜ੍ਹਾਇਆ ਹੋਇਆ ਸੀ।

"ਮੰਮੀ, ਬਾਬਾ ਠੱਕ ਗਿਆ ? ਬਾਬੇ ਡੀਆਂ ਲੱਟਾਂ ਡੁਖਡੀਆਂ ਨੇ ?... ਬਾਬੇ ਨੂੰ ਨੇਰ੍ਹੇ 'ਚ ਡਰ ਲੱਗਡੈ, ਟੁਟੀਂ ਟਾਹੀਂ ਡੀਬਾ ਬਾਲੀਐ ?..." ਬੱਚਾ ਤੋਤਲੀ ਜ਼ਬਾਨ ਨਾਲ ਕਿੰਨੇ ਸਵਾਲ ਮੰਮੀ ਕੋਲੋਂ ਪੁੱਛ ਰਿਹਾ ਸੀ ਪਰ ਮੰਮੀ ਬਾਬੇ ਦੀ ਸੇਵਾ ਕਰਨ 'ਚ ਲਿਵਲੀਨ ਸੀ।

ਹਰਜਾਪ ਦੀਆਂ ਲੱਤਾਂ ਜਵਾਬ ਦਿੰਦੀਆਂ ਜਾ ਰਹੀਆਂ ਸਨ ਅਤੇ ਪੇਟ ਦੀਆਂ ਆਂਦਰਾਂ ਇਉਂ ਉਪਰ ਹੇਠਾਂ ਹੋ ਰਹੀਆਂ ਸਨ ਜਿਵੇਂ ਖਾਲੀ ਘੜੇ ਵਿਚ ਚੂਹੇ ਖਾਣ ਵਾਲੀ ਚੀਜ਼ ਦੀ ਤਲਾਸ਼ ਵਿਚ ਚੱਕਰ ਲਾਉਂਦੇ ਹਨ......

ਉਸਦੇ ਪੈਰ ਤੁਰਨੋਂ ਜਵਾਬ ਦੇ ਰਹੇ ਸਨ, ਬੱਸ ਇਕ ਹੌਂਸਲਾ ਹੀ ਹਰਜਾਪ ਨੂੰ ਖਿੱਚੀ ਆ ਰਿਹਾ ਸੀ। ਹਰਜਾਪ ਨੂੰ ਘਰ ਪਹੁੰਚ ਕੇ ਬੜੀ ਮੁਸ਼ਕਲ ਨਾਲ ਮੰਜੀ ਮਿਲੀ ਸੀ। ਉਸਦੀਆਂ ਲੱਤਾਂ ਬਹੁਤ ਦਰਦ ਕਰ ਰਹੀਆਂ ਸਨ। ਸਿਰ ਭਖਿਆ ਪਿਆ ਸੀ, ਉਸਦੀਆਂ ਅੱਖਾਂ 'ਚ

—ਸਫਾ 36

B
B G S
S

**BOMBAY GROCERY STORE**

**3950 MAIN STREET, VANCOUVER**

**874-3711**

We are open 7 days a week
from 9:30 a.m. to 10 p.m.

*Special Discount for Weddings, Akhand Paths and other bulk orders!*



B
B C R
R

**Bombay Curry Restaurant**

*Licensed Premises*

**3934 MAIN STREET, (23rd Ave.)**
**VANCOUVER**

**874-5722**

Opens Mon. to Fri. 11:00 a.m. to 10:30 p.m.
Sat. and Sun. 10:00 a.m. to 10:00 p.m.

*Special Arrangements for Wedding Parties and other occasions!*

*A DIVISION OF*

# SHUKLA ENTERPRISES LTD.

**Res. Phone: 874-4501**

***WATNO DUR IS ALSO AVAILABLE HERE!***


---

## ਖੇਤ-ਮਜ਼ਦੂਰਾਂ ਵਾਸਤੇ ਕਾਨੂੰਨੀ ਜਾਣਕਾਰੀ ਦੀ ਸੇਵਾ

## FARMWORKERS LEGAL INFORMATION

ਜੇ ਤੁਸੀਂ ਖੇਤ-ਮਜ਼ਦੂਰ ਹੋ ਅਤੇ :

* ਕੰਮ ਦੀਆਂ ਸ਼ਰਤਾਂ
* ਤਨਖਾਹ ਦੀ ਅਦਾਇਗੀ (UNPAID WAGES)
* ਬੇਰੋਜ਼ਗਾਰੀ ਬੀਮਾ (UNEMPLOYMENT INSURANCE)
* ਟੈਕਸ (TAXES)
* ਰਿਹਾਇਸ਼ (ਹਾਊਸਿੰਗ)
* ਵਰਕਰਜ਼ ਕਮਪੈਂਨਸੇਸ਼ਨ
* ਆਵਾਜਾਈ (ਟਰਾਂਸਪੋਰਟੇਸ਼ਨ)

ਇਹ ਸੇਵਾ ਮੁਫ਼ਤ ਹੈ। ਇਸ ਸੇਵਾ ਨਾਲ ਕੁਝ ਵਕੀਲ ਵੀ ਸੰਬੰਧਤ ਹਨ, ਜਿਨ੍ਹਾਂ ਦੀ ਕਾਨੂੰਨੀ ਕਾਰਵਾਈ ਲਈ ਜਾਂ ਕਾਨੂੰਨੀ ਜਾਣਕਾਰੀ ਲਈ ਲੋੜ ਪੈਣ ਤੇ ਸਲਾਹ ਲਈ ਜਾ ਸਕਦੀ ਹੈ।

ਖੇਤ-ਮਜ਼ਦੂਰਾਂ ਵਾਸਤੇ ਕਾਨੂੰਨੀ ਜਾਣਕਾਰੀ ਦੀ ਸੇਵਾ ਲਈ ਜੌਹਨ (JOHN) ਵ ਨਾਸ਼ਤਰ (NASHTER) ਨੂੰ ਫ਼ੋਨ ਕਰੋ:

ਵੈਨਕੂਵਰ : ਐਤਵਾਰ, ਸੋਮਵਾਰ, ਮੰਗਲਵਾਰ — 9:30 ਵਜੇ ਸਵੇਰ – 5 ਵਜੇ ਸ਼ਾਮ — 879-0117

ਐਬਟਸਫੋਰਡ : ਸੋਮਵਾਰ, ਵੀਰਵਾਰ — 10:30 ਵਜੇ ਸਵੇਰ – 5 ਵਜੇ ਸ਼ਾਮ — 859-7681

('ਲੇਬਰ ਐਡਵੋਕੇਸੀ ਐਂਡ ਰੀਸਰਚ ਐਸੋਸੀਏਸ਼ਨ' ਦੀ ਜ਼ਿੰਮੇਵਾਰੀ ਅਧੀਨ)

FOR ANY KIND OF

**PHOTOGRAPHY**

REMEMBER

# SANDEEP STUDIO

CALL

HARCHARAN SINGH JHUTEE

**435-3634**

## NEED ANY KIND OF MORTGAGE

**WHY PAY A BONUS?**

**LOW BROKERAGE FEES**

1st from 10¼%, 2nd from 12½%. Builders Interim at 17%.

Apartments: 1st 10½%, 2nd 13%.

We serve investor clients.

Existing mortgages and agreements for sale purchased.

ਅੱਜ ਤੋਂ ਬਾਅਦ ਤੁਹਾਨੂੰ ਪੈਸੇ ਬਾਰੇ ਕਿਸੇ ਕਿਸਮ ਦਾ ਫ਼ਿਕਰ ਕਰਨ ਦੀ ਲੋੜ ਨਹੀਂ ਤੁਸੀਂ ਕੋਈ ਚੀਜ਼ ਖਰੀਦਣੀ ਹੈ, ਘਰ ਦੀ ਮੁਰੰਮਤ ਕਰਨੀ ਹੈ ਜਾਂ ਹੋਰ ਕਿਸੇ ਕਿਸਮ ਦਾ ਖਰਚ ਤੁਹਾਡੇ ਸਿਰ ਖੜਾ ਹੈ ਤਾਂ ਅਸੀਂ ਤੁਰੰਤ ਹੀ ਤੁਹਾਡੀ ਸਮੱਸਿਆ ਹੱਲ ਕਰ ਸਕਦੇ ਹਾਂ।

Call Mrs. T. Sandhu 271-1962,
736-2551 (24 hrs.)

**HAMPSHIRE INVESTMENTS LTD.**

*India's Famous*

**TANDOORI CHICKEN**

EAT IN OR TAKE OUT!

## RAJA RESTAURANT

(Licensed)

7271 MAIN ST., VANCOUVER, B.C.

FOR PARTY CATERING, HOME PARTIES AND BANQUETS, CONTACT

**Balwant**

**325-5014**

THINKING OF TRAVEL?

WE CAN SAVE YOU MONEY, TIME AND TROUBLE

GROUPS – CHARTER – EXCURSION

PAY LATER

SPECIAL IMMIGRANT FARES AVAILABLE

# GOYAL TRAVELS

4160 FRASER STREET, VANCOUVER 10, B.C.
PHONE: 872-7656

ASSOCIATE OFFICES:

1. Opposite Nehru Garden, Jullundur City
2. Near Courts Moga (India) – Phone 2798
3. Near Courts Jagraon (India) – Phone 252
4. Bhagat Singh Chowk, Sadar Bazaar Barnala, (India). Phone 555

# Saaz Aur Sangeet

**– RADIO PROGRAM –**

# CJJC 800 AM

ANNOUNCER: **ANDRESH**

**EVERY Tuesday from 9:00 to 10:00 P.M.**

*Chohan Enterprises*

6684 MAIN STREET, VANCOUVER, B. C.

**327-4911**

*

*Samra Bros.*

8320 SCOTT ROAD, DELTA, B. C.

**581-2919**

# ਉਹ ਸੋਚਦੀ......

**ਅਮਰਜੀਤ ਚਾਹਲ**

ਉਹ ਰਸੋਈ ਵਿਚ ਵੜੀ ਤੇ ਇਕ ਗੁੱਝੀ ਜਿਹੀ ਖ਼ੁਸ਼ੀ ਨਾਲ ਮੁਸਕਰਾ ਪਈ। ਉਸ ਰਸੋਈ ਵਿਚ ਫਿਰ ਪਿਆਰ ਨਾਲ ਨਜ਼ਰ ਫੇਰੀ ਤੇ ਮੁਸਕਰਾ ਪਈ। ਸੋਮਾ ਦਾ ਦਿਲ ਕੀਤਾ ਰਸੋਈ ਨੂੰ ਆਪਣੀ ਬਾਹੀਂ ਲੈ ਲਵੇ। ਉਸ ਹਰ ਇਕ ਚੀਜ਼ ਨੂੰ ਜੋ ਰਸੋਈ ਵਿਚ ਪਈ ਸੀ ਉਤਸ਼ਾਹ ਨਾਲ ਦੇਖਿਆ। ਕਈਆਂ ਨੂੰ ਹੱਥ ਲਾਇਆ ਮਾਨੋਂ ਜਿਵੇਂ ਕੋਈ ਹਾਲੀ ਆਪਣੇ ਮਨਚਾਹੇ ਬਲਦਾਂ ਨੂੰ ਥਾਪੀ ਦੇਂਦਾ ਏ, ਉਹਨਾਂ ਨੂੰ ਪੂੰਝਦਾ ਏ, ਇੰਨ-ਬਿੰਨ ਉਸ ਰਸੋਈ ਵਿਚ ਪਈਆਂ ਚੀਜ਼ਾਂ ਨਾਲ ਕੀਤਾ। ਫਰਿਜ਼, ਸਟੋਵ, ਕਿਚਨ ਕਾਉਂਟਰ ਤੇ ਹੋਰ ਨਿਕ ਸੁਕ ਨੂੰ ਉਸ ਪਿਆਰ ਭਰੀ ਨਜ਼ਰ ਨਾਲ ਪਲੋਸਿਆ। ਅਚਾਨਕ ਉਸ ਦੀ ਨਜ਼ਰ ਘੜੀ ਤੇ ਪਈ। ਉਸ ਸੋਚਿਆ, 'ਦਸ ਮਿੰਟ ਰਸੋਈ ਵਿਚ ਆਈ ਨੂੰ ਹੋ ਚੱਲੇ ਹਨ...... ਅਜੇ ਤਕ ਚਾਹ ਵੀ ਨਹੀਂ ਧਰੀ।'

ਸੋਮਾਂ ਨੇ ਚਾਹ ਧਰ ਦਿਤੀ। ਦਿਆਲੇ ਵਾਸਤੇ ਲੰਚ ਬਣਾ ਉਸ ਆਂਡੇ ਫਰਾਈ ਕੀਤੇ। ਸਭ ਕੁਝ ਮੇਜ਼ ਤੇ ਸਜਾ ਉਸ ਦਿਆਲੇ ਨੂੰ ਜਾ ਜਗਾਇਆ। ਦਿਆਲਾ ਵਾਸ਼ਰੂਮ ਚਲਿਆ ਗਿਆ ਤੇ ਸੋਮਾਂ ਨੇ ਉਸ ਦੇ ਮੁੜ ਆਉਣ ਤਕ ਕਪੜੇ, ਬੂਟ, ਜਰਾਬਾਂ ਸਭ ਠੀਕ ਕਰਕੇ ਇਕ ਕੁਰਸੀ ਲਾਗੇ ਰੱਖ ਦਿਤੇ, ਜਿਸ ਤੇ ਉਹ ਬੈਠ ਕੇ ਉਹ ਕਪੜੇ ਪਾਇਆ ਕਰਦਾ ਸੀ।......ਤੇ ਸੋਮਾਂ ਮੁੜ ਖਾਣੇ ਵਾਲੇ ਮੇਜ਼ ਤੇ ਆ ਗਈ। ਉਸ ਰਸੋਈ ਦੀ ਕੰਧ ਤੇ ਲੱਗੀ ਘੜੀ ਦੇਖੀ। ਬਸ ਦਿਆਲਾ ਇਕ, ਦੋ ਮਿੰਟ ਤਕ ਵਾਸ਼ਰੂਮ 'ਚੋਂ ਨਿਕਲਣ ਵਾਲਾ ਹੀ ਸੀ।

ਦੋਹਾਂ ਨੇ ਮਿਲ ਕੇ ਸਵੇਰ ਦੀ ਚਾਹ ਪੀਤੀ। ਦਿਆਲਾ ਕੰਮ ਤੇ ਚਲਿਆ ਗਿਆ। ਸੋਮਾਂ ਨੇ ਬਾਹਰ ਦੇਖਿਆ। ਅਜੇ ਕਾਫ਼ੀ ਹਨੇਰਾ ਸੀ। ਘਰ ਕਰਨ ਨੂੰ ਕੋਈ ਖ਼ਾਸ ਕੰਮ ਨਹੀਂ ਸੀ। ਉਸ ਚਾਹ ਵਾਲੇ ਬਰਤਨ ਸਾਫ਼ ਕੀਤੇ ਮੁੜ ਬਿਸਤਰੇ ਵਿਚ ਜਾ ਪਈ।

ਕੱਲੀ ਪਈ ਨੂੰ ਜਾਣੀਦਾ ਬਿਸਤਰਾ ਵੀ ਓਪਰਾ ਜਿਹਾ ਲੱਗਦਾ ਸੀ। ਘਰ ਜੋ ਮਹਿਲਾਂ ਵਰਗਾ ਸੀ (ਬੇਸ਼ੱਕ ਮਹਿਲ ਉਸ ਕਦੇ ਦੇਖੇ ਨਹੀਂ ਸਨ। ਪਰ ਉਸ ਦੀ ਕਲਪਨਾ ਮੁਤਾਬਕ ਇਸ ਘਰ ਤੋਂ ਸੁਹਣੇ ਨਹੀਂ ਹੋਣੇ। ਕਿਉਂਕਿ ਇਹ ਘਰ ਉਸ ਦੇ ਪੇਕੇ ਪਿੰਡ ਦੇ ਸਾਰੇ ਘਰਾਂ ਨਾਲੋਂ ਸੋਹਣਾ ਸੀ। ਕਮੀ ਸੀ ਤਾਂ ਨੌਕਰਾਂ ਦੀ। ਉਹ ਸੋਚਦੀ ਕੈਨੇਡਾ ਦੇ ਲੋਕ ਘਰਾਂ ਦਾ ਕੰਮਾਂ ਕਾਰਾਂ ਵਾਸਤੇ ਨੌਕਰ ਨਹੀਂ ਰੱਖਦੇ। ਫਿਰ ਉਹ ਤਾਂ ਜੀਅ ਵੀ ਦੋ ਸਨ।) ਕੱਲ੍ਹੀ ਨੂੰ ਖਾਣ ਪੈਂਦਾ। ਹਨੇਰੇ ਵਿਚ ਉਸ ਨੂੰ ਸਾਹ ਲੈਣਾ ਵੀ ਔਖਾ ਲੱਗਦਾ ਸੀ।......ਤੇ ਉਹ ਸੋਚਦੀ 'ਜੇਕਰ ਕੋਈ ਆ ਜਾਵੇ ਤਾਂ ਉਹ ਕੀ ਕਰ ਸਕਦੀ ਹੈ। ਪੁਲੀਸ ਨੂੰ ਫ਼ੂਨ ਕਰੇਗੀ ? ਉਸ ਨੂੰ ਆਪਣੇ ਹੀ ਮਨ ਪਾਸੋਂ ਜਵਾਬ ਮਿਲਦਾ। ਤੈਨੂੰ ਬਾਤ ਨਹੀਂ ਆਉਂਦੀ। ਤੂੰ ਪੁਲੀਸ ਨੂੰ ਕੀ ਕਹੇਂਗੀ।......ਤੇ ਨਾਲੇ ਅਗਲਾ ਟੈਲੀਫ਼ੂਨ ਕਰਨ ਦਊਗਾ।'......ਤੇ ਇਸ ਸੋਚ ਨਾਲ ਉਹ ਧੁਰ ਅੰਦਰ ਤਕ ਕੰਬ ਗਈ। ਉਸ ਰਜਾਈ ਵਿਚ ਮੂੰਹ ਲਕੋ ਲਿਆ ਤੇ ਅੱਖਾਂ ਬੰਦ ਕਰ ਲਈਆਂ। ਇਸ ਤਰ੍ਹਾਂ ਕਰਨ ਨਾਲ ਉਹ ਅਣਡਿਠੀ ਹੋਣੀ ਤੋਂ ਸੁਰਖ਼ਰੂ ਹੋ ਗਈ।

ਰਜਾਈ ਵਿਚ ਉਹ ਅੱਖਾਂ ਬੰਦ ਕਰੀ ਪਈ ਸੀ। ਡਰ ਜੋ ਹੁਣੇ-ਹੁਣੇ ਲੱਗਾ ਸੀ ਉਸ ਨੂੰ ਭੁਲ ਜਾਣਾ ਚਾਹੁੰਦੀ ਸੀ। ਪਰ ਭੁਲੇ ਕਿਸ ਤਰ੍ਹਾਂ, ਉਸ ਨੂੰ ਸਮਝ ਨਹੀਂ ਸੀ ਆ ਰਹੀ। ਘਰਾਂ ਵਿਚ ਹੋਰ ਵੀ ਜਨਾਨੀਆਂ ਕੱਲੀਆਂ ਹੁੰਦੀਆਂ ਹੋਣਗੀਆਂ। ਉਹਨਾਂ ਨੂੰ ਵੀ ਡਰ ਲੱਗਦਾ ਹੋਵੇਗਾ।......ਤੇ ਉਸ ਨੂੰ ਆਪਣੀ ਇਕ ਸਹੇਲੀ ਦੀ ਗੱਲ ਯਾਦ ਆਈ। ਜੋ ਘਰ ਵਿਚ ਵਿਆਹ ਤੋਂ ਬਾਅਦ ਕੱਲੀ ਹੋਣ ਕਾਰਨ ਡਰਦੀ ਹੁੰਦੀ ਸੀ। ਕੁਝ ਚਿਰ ਬਾਅਦ ਉਸ ਦੇ ਇਕ ਬੱਚਾ ਹੋ ਗਿਆ। ਹੁਣ ਜਦ ਕਦੇ ਉਸ ਨੂੰ ਆਪਣੇ ਪਤੀ ਦੀ ਗ਼ੈਰਹਾਜ਼ਰੀ ਵਿਚ ਡਰ ਲੱਗਦਾ ਤਾਂ ਉਹ ਆਪਣੇ ਮਾਸੂਮ ਜਿਹੇ ਬੱਚੇ ਨੂੰ ਪੰਘੂੜੇ ਵਿਚੋਂ ਚੁਕ ਆਪਣੇ ਨਾਲ ਪਾ ਲੈਂਦੀ। ਉਸ ਨਾਲ ਖੇਲਣ ਲੱਗ ਪੈਂਦੀ, ਗੱਲਾਂ ਕਰਨ ਲੱਗ ਜਾਂਦੀ ਤੇ ਇਸ ਤਰ੍ਹਾਂ ਉਸ ਦਾ ਡਰ ਹੱਟ ਜਾਂਦਾ। ਉਸ ਦਾ ਮਨ ਹੋਰ ਥਾਂ ਪੈ ਜਾਂਦਾ।......ਤੇ ਉਹ ਅਨੁਭਵ ਕਰਦੀ, ਜਿਵੇਂ ਡਰ ਉਸ ਨੂੰ ਲੱਗਾ ਹੀ ਨਹੀਂ ਸੀ। ਜਿਵੇਂ ਡਰਨ ਵਾਲੀ ਗੱਲ ਹੀ ਨਾ ਹੋਵੇ।

ਹੁਣ ਸੋਮਾਂ ਦਾ ਡਰ ਹੱਟ ਚੁਕਾ ਸੀ। ਉਹਦੀਆਂ ਸੋਚਾਂ ਵਿਚ ਹੁਣ ਡਰ ਨਹੀਂ ਇਕ ਸੰਸਾ ਸੀ। ਇਕ ਖਾਹਸ਼ ਸੀ। ਕਾਸ਼ ਇਕ ਬੱਚਾ ਉਸਦਾ ਵੀ ਹੁੰਦਾ। ਗੋਭਲਾ ਜਿਹਾ, ਭੋਲ੍ਹਾ-ਭਾਲ੍ਹਾ ਤੇ ਉਸ ਨਾਲ ਗੱਲਾਂ ਕਰਦੀ, ਹੱਸਦੀ ਖੇਲਦੀ, ਚੁੰਮ-ਚੁੰਮ ਥਕਦੀ ਨਾ।

ਸੋਮਾਂ ਦੇ ਹੱਥ ਦਿਲ ਤੋਂ ਤਿਲ੍ਹਕ ਪੇਟ ਤੇ ਚਲੇ ਗਏ। ਜੋ ਵਿਆਹ ਤੋਂ ਬਾਅਦ ਬੇਫਿਕਰੀ ਤੇ ਲਾਪ੍ਰਵਾਹੀ ਕਾਰਨ ਫੁਲ ਗਿਆ ਸੀ ਪਰ ਫੱਲ ਦਾ ਕੋਈ ਨਾਂ ਨਿਸ਼ਾਨ ਵੀ ਨਹੀਂ ਸੀ। ਕਈ ਵਾਰ ਮੂੰਹ ਮੱਥੇ ਲਗਦੀਆਂ ਜਨਾਨੀਆਂ ਉਸ ਦੇ ਵਧੇ ਹੋਏ ਪੇਟ ਵੱਲ ਦੇਖ 'ਮਹੀਨਾ' ਪੁਛਦੀਆਂ। ਉਸ ਵੇਲੇ ਸੋਮਾਂ ਦਾ ਬੁਰਾ ਨਾਲ ਹੁੰਦਾ। ਉਸ ਤੋਂ ਮਸੋਂ ਇਤਨਾ ਹੀ ਕਹਿ ਹੁੰਦਾ, "ਹੈ ਤਾਂ ਭੈਣ ਜੀ ਕੁਝ ਨਹੀਂ, ਇਹ ਤਾਂ ਉਂਝ ਈ ਜ੍ਰਾ-ਵੱਧੀ ਦਾ ਫੁਲਜਾ ਜਾਂਦਾ।" ਕਹਿਣ ਨੂੰ ਤਾਂ ਉਹ ਕਹਿ ਜਾਂਦੀ। ਪਰ ਦਿਲ ਉਸਦਾ ਵਲੂੰਧਰਿਆ ਜਾਂਦਾ। ਜਿਵੇਂ ਉਹ ਨਿਘਰਦੀ ਜਾ ਰਹੀ ਹੋਵੇ।

ਉਸ ਆਪਣੇ ਆਦਮੀ ਵਾਰੇ ਸੋਚਿਆ, 'ਇਹ ਹੀ ਥੋੜ੍ਹਾ ਬਹੁਤ ਪੜ੍ਹੇ ਲਿਖੇ ਹੁੰਦੇ ਤਾਂ ਗੱਲ ਹੋਰ ਸੀ। ਘਰਦਿਆਂ ਕੰਮਾਂ ਕਾਰਾਂ ਵਾਸਤੇ ਤਾਂ ਆਦਮੀ ਨਾ ਵੀ ਪੜ੍ਹਿਆ ਲਿਖਿਆ ਹੋਵੇ ਤਾਂ ਸਰ ਜਾਂਦਾ। ਸਟੋਰ ਵਿਚ ਜਾਓ, ਜਿਸ ਚੀਜ਼ ਦੀ ਲੋੜ ਹੈ ਚੁਕੋ, ਜਿਨੇ ਉਸ ਤੇ ਪੈਸੇ ਲਿਖੇ ਹਨ ਅਗਲੇ ਦੇ ਹੱਥ ਫੜਾਉ ਤੇ ਕੰਮ ਖਤਮ। ਕੋਈ ਬਿਲਕੁਲ ਉਹੋ ਜਿਹਾ ਕੰਮ ਹੋਵੇ ਤਾਂ ਆਦਮੀ ਹੋਰ ਆਦਮੀ ਨੂੰ ਸੌ ਥਾਂਈਂ ਲੈ ਜਾਂਦਾ। ਪਰ ਕੋਈ ਜਨਾਨੀ ਕੀ ਕਰੇ। ਜਨਾਨੀ ਦੇ ਕੰਮਾਂ ਕਾਰਾਂ ਲਈ ਤਾਂ ਉਸ ਦਾ ਆਪਣਾ ਆਦਮੀ ਹੀ ਪੜ੍ਹਿਆ ਲਿਖਿਆ ਹੋਵੇ ਤਾਂ ਠੀਕ ਹੈ। ਕੋਈ ਔਰਤ ਉੱਪਰੇ ਮਰਦ ਨੂੰ ਕਿਵੇਂ ਆਪਣਾ ਦੁਖ ਦੱਸ ਸਕਦੀ ਹੈ। ਫਿਰ ਇਹੋ ਜਿਹਾ, ਆਦਮੀ ਨੂੰ ਪਤਾ ਲੱਗ ਜਾਵੇ, ਜਨ ਨੀ ਨੂੰ ਗੁਤੋਂ ਫੜ ਬਾਹਰ ਨਾ ਕੱਢ ਮਾਰੂ। ਬਈ ਤੂੰ ਦੂਜਿਆਂ ਮੋਹਰੇ......।'

ਉਹ ਸੋਚਦੀ 'ਉਂ ਤਾਂ ਏਥੇ ਡਾਕਟਰਾਂ ਦੀ ਕੋਈ ਥੁੜ ਨਹੀਂ। ਪਰ ਇਹ ਜੇਹੇ ਹੋਏ ਤੇਹੇ ਨਾ ਹੋਏ। ਸਾਨੂੰ ਅਨਪੜ੍ਹਾਂ ਨੂੰ ਇਹਨਾਂ ਨਾਲ ਕੀ ਭਾਹ। ਜਿਨ੍ਹਾਂ ਨੂੰ ਸਾਡੀ ਬੋਲੀ ਨਹੀਂ ਸਮਝ ਆਉਂਦੀ। ਸਾਡੀ ਬਾਤ

ਨਹੀਂ ਜਾਣਦੇ। ਸਾਡੇ ਅਰਗਿਆਂ ਵਾਸਤੇ ਤਾਂ ਭਾਈ ਕੋਈ ਜ਼ਾ-ਵੱਢੀ ਦਾ ਪੰਜਾਬੀ ਡਾਕਟਰ ਹੋਵੇ। ਹੋਣਾ ਤਾਂ ਭਾਵੇਂ ਉਹ ਵੀ ਓਪਰਾ ਮਰਦ ਆ। ਪਰ ਫੇਰ ਹੋਰ ਕੋਈ ਚਾਰਾ ਵੀ ਨਹੀਂ। ਨਾਲੇ ਡਾਕਟਰ ਤੇ ਡਾਕਟਰ ਹੁੰਦਾ, ਉਸ ਕਿਸੇ ਨੂੰ ਕੀ ਕਹਿਣਾ ਹੋਇਆ ਇਹ ਤਾਂ ਉਸ ਦਾ ਪੇਸ਼ਾ ਹੈ। ਏਸੇ ਦੇ ਸਿਰੋਂ ਈ ਉਹ ਰੋਟੀ ਖਾਂਦਾ, ਫਿਰ ਆਪਣੇ ਮਰੀਜ਼ਾ ਨਾਲ ਕਿਵੇਂ ਮਾੜਾ ਹੋ ਸਕਦਾ। ਹਾਂ, ਨਿਆਣਾ ਮੈਨੂੰ ਜ਼ਰੂਰ ਹੋ ਸਕਦਾ। ਕੋਈ ਡਾਕਟਰ ਹੋਵੇ। ਕੋਈ ਇਕ ਪੰਜਾਬੀ ਡਾਕਟਰ।

ਉਸ ਖਸਮਾਂ ਖਾਣੀ ਤੇਜ਼ਾਂ ਨੂੰ ਵੀ ਇਹੀ ਕਸਰ ਸੀ। ਜਦ ਮਹੀਨੇ ਦੇ ਦਿਨ ਪੂਰੇ ਹੋਣੇ ਮਾੜਾ ਜਿਹਾ ਦਾਗ਼ ਲੱਗ ਕੇ ਹੱਟ ਜਾਣਾ ਜਾਂ ਫਿਰ ਉਂਜ ਪਾਣੀ ਜਿਹਾ ਪਈ ਜਾਣਾ। ਇਹੀ ਕਸਰ ਮੈਨੂੰ ਹੈ। ਤੇਜਾਂ ਨੂੰ ਹੱਟ ਗਈ। ਇਕ ਨਿਆਣਾ ਵੀ ਹੋ ਗਿਆ। ਫਿਰ ਮੈਨੂੰ ਕਿਉਂ ਨਹੀਂ ਹੱਟ ਸਕਦੀ ਇਹ ਕਸਰ ? ਮੈਨੂੰ ਕਿਉਂ ਨਹੀਂ ਨਿਆਣਾ ਹੋ ਸਕਦਾ ? ਉਸ ਦਾ ਆਦਮੀ ਪੜ੍ਹਿਆ ਲਿਖਿਆ ਸੀ। (ਅੰਗਰੇਜ਼ੀ) ਜਾਣਦਾ ਸੀ। ਕਿਸੇ ਅੰਗਰੇਜ਼ੀ ਡਾਕਟਰ ਕੋਲ ਗਏ ਹੋਣਗੇ......।'

......ਤੇ ਸੋਮਾਂ ਨੂੰ ਆਪਣੇ ਆਦਮੀ ਨਾਲ ਘ੍ਰਿਣਾ ਹੋਈ, 'ਜੇ ਉਹ ਵੀ ਪੜ੍ਹਿਆ ਲਿਖਿਆ ਹੁੰਦਾ ਇਹ ਦਿਨ ਨਾ ਦੇਖਣੇ ਪੈਂਦੇ। ਉਹ ਆਦਮੀ ਕੀ ਹੋਇਆ ਜੋ ਆਪਣੀ ਜਨਾਨੀ ਦਾ ਦੁਖ ਦਰਦ ਨਹੀਂ ਜਾਣ ਸਕਦਾ। ਪਏ ਘਰ ਹੋਣ ਮਹੱਲਾਂ ਵਰਗੇ ਤੇ ਪੈਸੇ ਹੋਣ। ਪਰ ਉਹ ਕਿਸ ਕੰਮ, ਜਦ ਆਦਮੀ ਆਪਣਾ ਦੁਖ ਦਰਦ ਹੀ ਕਿਸੇ ਨੂੰ ਨਹੀਂ ਦੱਸ ਸਕਦਾ। ਕਿਸੇ ਕੀ ਕਰਨਾ ਇਹਨਾਂ ਨੂੰ ; ਚੱਟਣਾ ?

ਉਸ ਦੇ ਮੂੰਹ ਦਾ ਸੁਆਦ ਖਰਾਬ ਜਿਹਾ ਹੋ ਗਿਆ। ਸੋਮਾਂ ਨੂੰ ਮਾਲੂਮ ਹੋਇਆ ਉਸ ਦਾ ਇਕ ਪਾਸੇ ਭਾਰ ਪਈ ਦਾ, ਪ ਸਾ ਵੀ ਥੱਕ ਗਿਆ ਹੈ। ਉਸ ਪਾਸਾ ਬਦਲਿਆ। ਰਜਾਈ ਵਿਚੋਂ ਮੂੰਹ ਬਾਹਰ ਕੱਢਿਆ। ਕਮਰੇ ਵਿਚ ਦਿਨ ਚੜ੍ਹਨ ਕਰਕੇ ਚਾਨਣ ਹੋ ਗਿਆ ਸੀ। ਫਿਰ ਉਸ ਨਾਲ ਦੇ ਮੇਜ਼ ਤੇ ਪਏ ਟਾਈਮ ਪੀਸ ਨੂੰ ਦੇਖਿਆ। ਦਿਆਲੇ ਗਏ ਨੂੰ ਢਾਈ ਘੰਟੇ ਹੋ ਚੁਕੇ ਸਨ। ਸੋਮਾਂ ਨੇ ਆਪਣੇ ਆਪ ਨੂੰ ਕਿਹਾ, "ਉਹਨਾਂ ਦਾ ਕਾਫ਼ੀ ਟਾਈਮ ਹੋ ਚੁਕਿਆ ਹੋਣੈ।" ਉਸ ਨੇ ਸ਼ਾਇਦ ਆਪਣੇ ਦਿਲ ਨੂੰ ਹੌਂਸਲਾ ਦਿਤਾ, 'ਬੱਸ ਛੇ ਘੰਟੇ ਹੋਰ ਇਕੱਲੀ ਨੇ ਗੁਜ਼ਾਰਨੇ ਹਨ ਤੇ ਫਿਰ ਉਹਨਾਂ ਆ ਜਾਣਾ।'

ਹੁਣ ਸੋਮਾਂ ਨੂੰ ਘਰ ਦੀ ਚੁਪ ਚੰਗੀ ਨਾ ਲੱਗੀ। ਕੋਈ ਰਤੀ ਭਰ ਖੜਾਕ ਵੀ ਨਹੀਂ ਸੀ ਹੋ ਰਿਹਾ। ਕੋਈ ਚੂੰ ਚਰਾਹਟ ਨਹੀਂ ਸੀ। ਕਦੇ-ਕਦੇ ਨਾਲ ਦੀ ਸੜਕ ਤੋਂ ਕਿਸੇ ਮੋਟਰ ਦੇ ਲੰਘਣ ਦੀ ਆਵਾਜ਼ ਆਉਂਦੀ ਤੇ ਫਿਰ ਚੁਪ। ਉਸ ਸੋਚਿਆ, 'ਇਸ ਨਾਲੋਂ ਤਾਂ ਰਜਾਈ ਦਾ ਹਨੇਰਾ ਚੰਗਾ ਸੀ। ਜੋ ਉਸ ਨਾਲ ਗੱਲਾਂ ਕਰਦਾ ਸੀ ਤੇ ਉਹਨੂੰ ਬੇਚੈਨ ਨਹੀਂ ਸੀ ਹੋਣ ਦਿੰਦਾ। ਇਸ ਘਰ ਦੀ ਕਿਹੋ ਜਿਹੀ ਚੁਪ ਹੈ। ਕਬਰਾਂ ਦੀ ਚੁਪ ਤੋਂ ਵੀ ਭੈੜੀ। ਕਬਰਾਂ ਦੀ ਚੁਪ ਵਿਚ ਤਾਂ ਸ਼ਾਇਦ ਕੋਈ ਜਾਨਵਰ ਬੋਲਦਾ ਹੋਵੇਗਾ। ਕੋਈ ਬੀਂਡਾ ਟੀਂ-ਟੀਂ ਕਰਦਾ ਹੋਵੇਗਾ। ਇਥੇ......ਤੇ ਇਥੇ......?' ਉਸ ਨੂੰ ਸੁਝਿਆ ਨਾ ਇਸ ਚੁਪ ਨੂੰ ਕਿਸ ਚੀਜ਼ ਨਾਲ ਤੁਲਨਾ ਦੇਵੇ। ਹੁਣ ਉਸ ਨੂੰ ਚੁਪ ਤੋਂ ਘਬਰਾਹਟ ਹੋਈ। ਫਿਰ ਉਸ ਆਪ ਹੀ ਇਸ ਚੁਪ ਨੂੰ ਤੋੜਿਆ, "ਵਾਹਖਰੂ, ਸੱਚੇ ਪਾਤਸ਼ਾਹ। ਮੈਂ ਜਾ ਮਨਾਂ ਕਿਹੜੇ ਵਹਿਣਾਂ ਵਿਚ ਪੈ ਗਿਆਂ।"

ਉਸ ਆਪਣੇ ਮਨ ਨੂੰ ਸਮਝਾਇਆ। ਮੁੜ ਸਿਰ ਤੇ ਰਜਾਈ ਓੜ ਲਈ। ਅੱਖਾਂ ਬੰਦ ਕਰਕੇ ਸੌਣ ਦਾ ਬਹਾਨਾ ਕਰਨ ਲੱਗੀ। ਉਸ ਇਕ ਪਾਸੇ ਭਾਰ ਪੈ ਲੱਤਾਂ ਕੱਠੀਆਂ ਕਰ ਲਈਆਂ। ਇਸ ਤਰ੍ਹਾਂ ਕਰਨ ਨਾਲ ਉਸ ਨੂੰ ਕੁਝ ਆਰਾਮ ਮਹਿਸੂਸ ਹੋਇਆ। ਤੇ ਹੁਣ ਉਹ ਸੋਚ ਰਹੀ ਸੀ, ਸੌਂ ਜਾਵਾਂ ਕੁਝ ਨਾ ਸੋਚਾਂ।

ਪਰ ਮਨੁੱਖੀ ਦਿਮਾਗ਼ ਲਈ ਇਹ ਅਸੰਭਵ ਹੈ ਕਿ ਉਹ ਜਾਗਦਾ ਹੋਇਆ ਕੁਝ ਨਾ ਸੋਚਣ ਤੋਂ ਅਸਮੱਰਥ ਹੋ ਜਾਏ।

ਕੁਝ ਨਾ ਸੋਚਦੀ ਹੋਈ ਦੀ ਵੀ ਸੋਚਾਂ ਦੀ ਲੜੀ ਕਿਤੇ ਨਾ ਕਿਤੇ ਲੱਗ ਜਾਂਦੀ।......ਤੇ ਫਿਰ ਉਹਨਾਂ ਵਿਚੋਂ ਕੋਈ ਹੋਰ ਨਿਕਲ ਤੁਰਦੀ। ਇਸ ਤਰ੍ਹਾਂ ਵਿਹਲੇ ਮਨ ਦੀਆਂ ਬੇਅਰਥ ਸੋਚਾਂ ਦਾ ਇਕ ਜਾਲ੍ਹਾ ਜਿਹਾ ਬੁਣਿਆ ਗਿਆ। ਉਸ ਵਿਚ ਸੋਮਾਂ ਨੇ ਆਪਣੇ ਆਪ ਨੂੰ ਜਾਗੋਮੀਟੀ ਦੀ ਹਾਲਤ ਵਿਚ ਪਾਇਆ। ਹੁਣ ਉਸ ਨੂੰ ਇਹ ਵੀ ਪਤਾ ਨਹੀਂ ਸੀ ਲੱਗ ਰਿਹਾ ਕਿ ਉਹ ਕੁਝ ਸੋਚ ਰਹੀ ਹੈ ਜਾਂ ਸੁਫ਼ਨਾ ਦੇਖ ਰਹੀ ਹੈ। ਏਸੇ ਹਾਲਤ ਵਿਚ ਉਸ ਦੋ ਢਾਈ ਘੰਟੇ ਹੋਰ ਲੰਘਾ ਦਿਤੇ। ਆਖਰ ਆਪਣੇ ਆਪ ਨੂੰ ਉਸ ਨੇ ਉਠਣ ਲਈ ਤਿਆਰ ਕੀਤਾ।

ਆਪਣੇ ਆਪ ਨੂੰ ਤਿਆਰ ਕਰਕੇ, ਜਦ ਉਹ ਰਸੋਈ ਵਿਚ ਚਾਹ ਪੀਣ ਗਈ ਤਾਂ ਉਸ ਨੂੰ ਰਸੋਈ ਆਪਣੇ ਜਿਹੀ ਦਿਸੀ। ਸੱਖਣੀ ਜਿਹੀ ਉਦਾਸ ਜਿਹੀ। ਜਿਵੇਂ ਉਹ ਦੋਵੇਂ ਭੈਣਾਂ ਹੋਣ। ਦੋਵੇਂ ਸੱਖਣੀਆਂ ਦੋਵੇਂ ਉਦਾਸ। ਚਾਹ ਪੀਂਦੀ ਹੋਈ ਉਹ ਸੋਚ ਰਹੀ ਸੀ, 'ਹੁਣ ਕਿਹੜਾ ਕੰਮ ਕਰਾਂ'। ਕੋਈ ਵੀ ਅਜਿਹਾ ਕੰਮ ਨਹੀਂ ਸੀ ਜੋ ਉਸ ਨੂੰ ਜ਼ਰੂਰ ਕਰਨਾ ਪੈਂਦਾ। ਕੱਲ ਉਸ ਸਾਰੇ ਕਪੜੇ ਧੋ ਲਏ ਸਨ। ਪਰੈਸ ਕੀਤੇ ਸਨ। ਘਰ ਦੀ ਸਫ਼ਾਈ ਕੀਤੀ ਸੀ। ਰੱਗ ਸਾਫ਼ ਕੀਤਾ ਸੀ। ਹੁਣ ਕਿਹੜਾ ਕੰਮ ਸੀ ਜੋ ਉਹ ਕਰੇ। ਉਹ ਸੋਚ ਰਹੀ ਸੀ......।

(Squamish, B. C.)

FOR ALL YOUR GROCERY REQUIREMENTS
EAST INDIAN AND CANADIAN
VISIT

**J. B. FOODS**

6607 MAIN STREET (Corner of 50th)
321-0224

4531 MAIN STREET (At 29th)
874-3474

We also carry Fresh fruits and vegetables. Special Discount for AKHAND PATHS and weddings.

*For FREE delivery phone 321-0224*

# ਅਗਾਂਹਵਧੂ

ਗੁਰਦੀਪ ਗਰੇਵਾਲ

"ਨੀਂ ਬੇਬੇ, ਕੁਝ ਸੁਣਿਆਂ ! ਕਹਿੰਦੇ ਨੇ ਕਿਸੇ ਕਾਲਜ ਦੇ ਮਾਸਟਰ ਮਾਸਟਰਨੀ ਨੇ ਵਿਆਹ ਕਰਵਾ ਲਿਆ, ਕੁੜੀ ਜੱਟਾਂ ਦੀ ਤੇ ਮੁੰਡਾ ਚਮਾਰਾਂ ਦਾ। ਹਾਇਆ ਕੁੜੇ ਲੋਹੜਾ ਪੈ ਗਿਆ। ਕਹਿੰਦੇ ਹੁੰਦੇ ਸੀ ਕਲਜੁਗ ਆਉਣਾ ਬਸ ਆ ਗਿਆ। ਬੇਬੇ ਸਾਨੂੰ ਤਾਂ ਵਿਆਹ ਤੋਂ ਪਹਿਲਾ ਪਤਾ ਹੀ ਨਹੀਂ ਸੀ ਹੁੰਦਾ ਕਿਸੇ ਗਲ ਦਾ। ਬੇਬੇ ਜੀ ਮੱਥਾ ਟੇਕਦੀ ਹਾਂ ਘੁਮਾਰਾਂ ਦੀ ਨੂੰਹ ਨੇ ਦੇਹਲੀਉਂ ਅੰਦਰ ਪੈਰ ਧਰਦਿਆਂ ਕਿਹਾ। ਬੁੱਢ ਸੁਹਾਗਣ ਹੋਵੇਂ ਬੱਚਾ ਜੀਵੇ ਦੁੱਧੀ ਪੁਤੀਂ ਫਲੇਂ, ਲੈ ਮੂੜ੍ਹਾ ਲੈ ਲੈ। ਮੂੜ੍ਹੇ ਉਤੇ ਬੈਠਦਿਆਂ ਘੁਮਾਰਾਂ ਦੀ ਨੂੰਹ ਨੇ ਹਾਲ ਚਾਲ ਪੁਛਿਆ, ਬੇਬੇ ਕੀ ਗਲ ਹੈ, ਕੁੜੇ ਕਾਹਦਾ ਸਾਰੀ ਰਾਤ ਆਹ ਜਿਹੜੀ ਆਹ ਜਾੜ੍ਹ ਐ, ਸਿਸਕੀ ਭਰਦਿਆਂ ਅਤੇ ਜਾੜ੍ਹ ਨੂੰ ਹੱਥ ਲਾਉਂਦਿਆਂ ਸਾਰੀ ਰਾਤ ਦੁਖਦੀ ਰਹੀ ਹੈ, ਇਕ ਪਲ ਲਈ ਵੀ ਨੀਂਦ ਨਾ ਆਈ। ਕੁੜੇ ਆਹੋ ਭੇਬੇ ਮੇਰੀ ਵੀ ਅਖ ਫੁਟ ਜੇ ਜੇ ਸਾਰੀ ਰਾਤ ਲਗੀ ਹੋਵੇ, ਚੰਦਰੇ ਚੰਦਰੇ ਸੁਫਨੇ ਆਉਂਦੇ ਰਹੇ। ਘੁਮਾਰਾਂ ਦੀ ਨੂੰਹ ਬੋਲੀ। ਤੀਜੀ ਤੋਂ ਭੀ ਨਾ ਰਿਹਾ ਗਿਆ ਕੁੜੇ ਅਜ ਕਲ੍ਹ ਤਾਂ ਚੰਦਰੀਆਂ ਚੰਦਰੀਆਂ ਬੀਮਾਰੀਆਂ ਲਗ ਗਈਆਂ ਨੇ ਮੇਰੀ ਵੀ ਆਹ ਪੁੜਪੜੀ ਦੀ ਨਾੜ ਵੱਜਦੀ ਰਹਿੰਦੀ ਹੈ। ਵੈਦ ਤੋਂ ਠਕੁਆਈ ਸੀ ਦਸ ਕੁ ਸਾਲ ਠੀਕ ਰਹੀ ਹੁਣ ਫਿਰ ਉਹੀ ਹਾਲ ਰਹਿੰਦਾ। ਪਹਿਲੀ ਔਰਤ ਨੇ ਫਿਰ ਉਹੀ ਗਲ ਤੋਰ ਲਈ ਘੁਮਾਰਾਂ ਦੀ ਨੂੰਹ ਨੂੰ ਦੱਸਣ ਲਈ, ਕੁੜੇ ਅਸੀਂ ਤਾਂ ਗਲ ਕਰਦੀਆਂ ਸੀ ਪਈ ਕਹਿੰਦੇ ਨੇ ਮਾਸਟਰ ਮਾਸਟਰਨੀ ਕਿਸੇ ਕਾਲਜ ਵਿਚ ਪੜ੍ਹਾਉਂਦੇ ਸੀ ਕੁੜੀ ਜੱਟਾਂ ਦੀ ਅਤੇ ਮੁੰਡਾ ਚੁਮਾਰਾਂ ਦਾ ਵਿਆਹ ਕਰਵਾ ਲਿਆ। ਮਾਪਿਆਂ ਨੂੰ ਧਰਤੀ ਵਿਹਲ ਨਹੀਂ ਦਿੰਦੀ ਹੋਣੀ ਇਹੋ ਜਿਹੀ ਉਲਾਦ ਦਾ ਜੰਮਦੀ ਦਾ ਗਲ ਘੁਟ ਦੇਵੇ। ਘੁਮਾਰੀ ਨੂੰ ਜਿਵੇਂ ਕੋਈ ਹੱਲ ਲਭ ਗਿਆ ਹੋਵੇ, ਆਲਾ ਦੁਆਲਾ ਦੇਖ ਕੇ ਹੌਲੀ ਦੇਣੀ, ਬੇਬੇ ਇਹ ਸਾਰਾ ਕਸੂਰ ਵੀ ਤਾਂ ਜੱਟਾਂ ਦਾ ਹੀ ਹੈ, ਚੁਮਾਰਾਂ ਵਿਚ ਭੀ ਜੱਟਾਂ ਦਾ ਲਹੂ ਆ ਵੜਿਆ, ਲਾਲ੍ਹ ਚੁਮਾਰ ਦੀ ਨੂੰਹ ਚੋਧਰੀਆਂ ਦੀ ਹੀ ਮੱਕੀ ਵਿਚੋਂ ਘਾਹ ਖੋਤਣ ਜਾਂਦੀ ਹੈ ਕਿਤੇ ਕਿਤੇ ਬਿਨਾਂ ਪੁਛਿਆਂ ਚਰ੍ਹੀ ਦੀ ਭਰੀ ਭੀ ਲੈ ਆਉਂਦੀ ਹੈ। ਉਂ ਚੋਧਰੀ ਆਪਣੇ ਖੂਹ ਤੇ ਘੁੱਗੀ ਭੀ ਨਹੀਂ ਖੰਗਣ ਦਿੰਦੇ।

ਇਹ ਸਾਰੀਆਂ ਗੱਲਾਂ ਬੇਬੇ ਦਾ ਵੱਡਾ ਮੁੰਡਾ ਬੈਠਕ ਵਿਚ ਬੈਠਾ ਸੁਣੀ ਜਾਂਦਾ ਸੀ। ਅਗੇ ਵਧੂ ਵਿਚਾਰਾ ਵਾਲਾ ਨੌਜਵਾਨ ਕਨੇਡਾ ਤੋਂ ਚਾਰ ਮਹੀਨੇ ਦੀਆਂ ਛੁਟੀਆਂ ਕੱਟਣ ਆਇਆ ਸੀ। ਉਸ ਤੋਂ ਰਿਹਾ ਨਾ ਗਿਆ। ਇਸ ਵਿਚ ਕੀ ਮਾੜੀ ਗਲ ਹੈ ਚਮਿਆਰ ਇਨਸਾਨ ਨਹੀਂ। ਚੰਗੀ ਤਾਲੀਮ ਹਾਸਲ ਕੀਤੀ ਹੋਈ ਸੀ। ਇਕ ਦੂਜੇ ਨੂੰ ਦੋਨੋ ਸਮਝਦੇ ਸੀ ਜੇ ਉਹਨਾਂ ਵਿਆਹ ਕਰਵਾ ਭੀ ਲਿਆ ਤਾਂ ਉਹਨਾਂ ਦੀ ਮਰਜ਼ੀ, ਲੋਕਾਂ ਨੂੰ ਇਸ ਗਲ ਨਾਲ ਕੀ। ਕਨੇਡਾ ਵਿਚ ਕੋਈ ਨਹੀਂ ਪੁਛਦਾ ਤੇਰੀ ਜਾਤ ਕੀ ਹੈ, ਬਸ ਮੁੰਡਾ ਕੁੜੀ ਆਪਸ ਵਿਚ ਚਾਹੁੰਦੇ ਹੋਣ. ਚਰਚ ਵਿਚ ਜਾ ਕੇ ਵਿਆਹ ਕਰਵਾ ਲੈਂਦੇ ਹਨ। ਸਾਡੀ ਤਾਂ ਗੁਰਬਾਣੀ ਵਿਚ ਭੀ ਲਿਖਿਆ ਹੈ ਅਵਲ ਅਲ੍ਹਾ ਨੂਰ ਉਪਾਇਆ ਕੁਦਰਤ ਦੇ ਸਭ ਬੰਦੇ—ਇਨੀ ਹੀ ਤੁਕ ਸੁਣਦਿਆਂ ਤਿੰਨਾਂ ਔਰਤਾਂ ਦੇ ਮੂੰਹੋਂ ਵਾਹੇਗੁਰੂ ਵਾਹੇਗੁਰੂ ਨਿਕਲਿਆ। ਆਹੋ ਭਾਈ ਸਚ ਹੈ, ਇੰਨਾ ਕਹਿੰਦੀ ਘੁਮਾਰਾਂ ਦੀ ਨੂੰਹ ਆਪਣੇ ਘਰ ਨੂੰ ਤੁਰ ਪਈ। ਇੰਨੇ ਨੂੰ ਜੁਲਾਹਿਆਂ ਦਾ ਮੁੰਡਾ ਸੀਰੀ ਹੱਲ ਵਾਹ ਕੇ ਆ ਗਿਆ। ਚੰਗਾ ਬੇਬੇ ਸਾਡੇ ਭੀ ਘਰ ਦੇ ਆ ਗਏ ਹੋਣੇ ਚਲ ਕੇ ਰੋਟੀ ਪਾਣੀ ਦਿਆਂ। ਮੋਟਾ ਜਿਹਾ ਬੁਲ ਕਢ ਕੇ ਕਰਤਾਰੋ ਆਪਣੇ ਘਰ ਨੂੰ ਤੁਰ ਪਈ।

ਜਿਸ ਦਿਨ ਦਾ ਮੁੰਡਾ ਕਨੇਡਾ ਤੋਂ ਪਿੰਡ ਆਇਆ ਸੀ ਜੁਲਾਹਿਆਂ ਦੇ ਮੁੰਡੇ ਨੂੰ ਘਰ ਦੇ ਹੀ ਭਾਂਡਿਆਂ ਵਿਚ ਰੋਟੀ ਮਿਲਦੀ, ਰੋਟੀ ਭੀ ਸਾਰੇ ਟੱਬਰ ਨਾਲਦੀ। ਰਾਤ ਨੂੰ ਕਨੇਡਾ ਵਾਲਾ ਜੁਲਾਹਿਆਂ ਦੇ ਮੁੰਡੇ ਨੂੰ ਆਪਣੇ ਨਾਲ ਬਿਠਾ ਕੇ ਸ਼ਰਾਬ ਭੀ ਪਿਲਾਉਂਦਾ ਜੁਲਾਹਿਆਂ ਦਾ ਮੁੰਡਾ ਇਕ ਹੀ ਮਹੀਨੇ ਵਿਚ ਰੰਗ ਕੱਢ ਆਇਆ। ਕੰਮ ਭੀ ਦੂਣਾਂ ਕਰਦਾ, ਸਾਰਾ ਦਿਨ ਹਸਦਾ ਹੀ ਰਹਿੰਦਾ ਉਸ ਨੂੰ ਸਾਰਾ ਘਰ ਅਤੇ ਘਰ ਦੇ ਸਾਰੇ ਮੈਂਬਰ ਆਪਣਾ ਹੀ ਪ੍ਰਵਾਰ ਲਗਦੇ। ਇਕ ਦਿਨ ਜੁਲਾਹਿਆਂ ਦਾ ਮੁੰਡਾ ਕਨੇਡਾ ਵਾਲੇ ਮੁੰਡੇ ਦੀ ਦਸਵੀਂ ਵਿਚ ਪੜ੍ਹਦੀ ਭੈਣ ਦੇ ਹਥ ਧੁਆ ਰਿਹਾ ਸੀ ਦੋਨੋਂ ਆਪਸ ਵਿਚ ਇਸ ਤਰ੍ਹਾਂ ਹਸਦੇ ਸੀ ਕਨੇਡੀਅਨ ਅਗੇ ਵਧੂ ਵਿਚਾਰ ਵਾਲੇ ਨੌਜਵਾਨ ਨੇ ਬੈਠਕ ਵਿਚ ਬੈਠਿਆਂ ਉਹਨਾਂ ਨੂੰ ਦੇਖਿਆ ਅਤੇ ਅਖਾਂ ਵਿਚ ਲਹੂ ਉਤਰ ਆਇਆ, ਬੰਦੂਕ ਭਰੀ ਇਕੋ ਗੋਲੀ ਵਿਚੀ ਜੁਲਾਹੇ ਦਾ ਤਾਣਾ ਤਣ ਦਿਤਾ। ਸਾਲਾ ਠੂਹਾਂ ਜਿਹੜੀ ਥਾਲੀ ਵਿਚ ਖਾਂਦਾ ਉਥੇ ਹੀ ਛੇਕ ਕਰਦਾ। ਮੰਜੇ ਜਿੰਨੀ ਧਰਤੀ ਲਾਲ ਸੂਹੀ ਹੋ ਗਈ।

—ਨਾਰੰਗਵਾਲ (ਪੰਜਾਬ)


ਲਹੂ ਦੀ ਲੋਅ

ਜਸਵੰਤ ਸਿੰਘ ਕੰਵਲ ਦਾ ਇਕ ਨਵਾਂ ਨਾਵਲ ਪੜ੍ਹਨ ਯੋਗ

ਲਿਖੋ: ਪੋਸਟ ਬਾਕਸ 69646
ਸਟੇਸ਼ਨ 'K'
ਵੈਨਕੂਵਰ, ਬੀ.ਸੀ. V5K 4W7

ਕੀਮਤ:- ਸੱਤ ਡਾਲਰ + ਇਕ ਡਾਲਰ ਡਾਕ ਖ਼ਰਚ

# ਲਛਮੀ

ਪ੍ਰੇਮ ਪ੍ਰਕਾਸ਼

ਮੈਂ ਆਪਣੀ ਨਵੀਂ ਬਣੀ ਕੋਠੀ ਦੇ ਲਾਨ 'ਚ ਆਰਾਮ ਕੁਰਸੀ ਤੇ ਬੈਠਾ ਧੁਪ ਸੇਕ ਰਿਹਾ ਸੀ। ਉਹ ਸਾਡੇ ਗੇਟ ਦੇ ਮਾਹਮਣੇ ਪਰੇ ਉਸ ਪਲਾਟ 'ਚ ਖੜੇ ਸੀ ਜਿਥੇ ਅਸੀਂ ਪਾਥੀਆਂ ਪਥਵਾਂਦੇ ਸੀ। ਉਸ ਕੁੜੀ ਨਾਲ ਆਇਆ ਮੁੰਡਾ ਤੇੜੋਂ ਨੰਗਾ ਸੀ। ਉਹਨਾਂ ਦੀਆਂ ਨਜ਼ਰਾਂ ਪਾਥੀਆਂ ਦੀ ਟੁਟ ਭੁਟ ਤੇ ਸਨ ਜਾਂ ਮੇਰੇ ਤੇ। ਸ਼ਾਇਦ ਉਹ ਉਡੀਕ 'ਚ ਸਨ ਪਈ ਕੋਠੀ ਵਾਲਾ ਬੁਢਾ ਅੰਦਰ ਵੜੇ ਤੇ ਉਹ ਪਾਥੀਆਂ ਚੁਕ ਕੇ ਝੋਲੀਆਂ 'ਚ ਪਾ ਕੇ ਖਿਸਕ ਜਾਣ।

ਕੁਰਸੀ ਤੇ ਬਹਿ ਬਹਿ ਕੇ ਅਕਿਆ ਹੋਇਆ ਮੈਂ ਗੇਟ ਅੱਗੇ ਆ ਖਲੋਇਆ। ਮੈਂ ਨੇ ਇਕ ਵਾਰੀ ਆਪਣੀ ਭੈਣ ਦੀ ਝੋਲੀ ਖਿਚ ਕੇ ਟੁਰਨ ਦੀ ਮੇਰੀ ਚੋਰੀ ਪਾ ਕੁੜੀ ਅੜੀ ਖੜੀ ਰਹੀ।

"ਇਹ ਥੇਪੜੀ ਲੈ ਲਈਏ ਧਾਧਾ?" ਉਸਨੇ ਆਪਣੀ ਰਾਜਸਥਾਨੀ ਬੋਲੀ 'ਚ ਦੂਜੀ ਵਾਰੀ ਕਿਹਾ ਤਾਂ ਮੈਨੂੰ ਪਤਾ ਲਗਾ, ਉਹ ਮੈਨੂੰ ਪੁਛ ਰਹੀ ਸੀ।

"ਹਾਂ, ਲੈ ਲਓ।" ਮੇਰੇ ਆਖਣ ਦੀ ਦੇਰ ਸੀ ਕਿ ਉਨ੍ਹਾਂ ਦੇ ਨਿਕੇ ਨਿਕੇ ਹਥ ਤੇਜ਼ੀ ਨਾਲ ਭੂਰ ਚੂਰ ਚੁਗ ਕੇ ਝੋਲੀਆਂ 'ਚ ਪਾਉਣ ਲਗ ਪਏ।

ਮੋਟੇ ਨਕਸ਼ਾਂ ਵਾਲੀ ਉਸ ਦਸਾਂ ਕੁ ਵਰ੍ਹਿਆਂ ਦੀ ਕੁੜੀ ਨੇ ਕੱਛਾ ਪਾਇਆ ਹੋਇਆ ਸੀ। ਉਹਦੀਆਂ ਮੀਢੀਆਂ ਗੁੰਦ ਕੇ ਪੀੜ ਪਾਇਆ ਹੋਇਆ ਸੀ। ਵਾਲ ਉਲਝੇ ਹੋਏ ਤੇ ਮੈਲੇ ਸਨ। ਉਸਦੇ ਨੱਕ ਅਤੇ ਕੰਨਾਂ 'ਚ ਚਾਂਦੀ ਦੀਆਂ ਤਾਰਾਂ ਸਨ।

"ਇਹ ਵੀ ਲੈ ਲਾਂ?" ਉਹਨੇ ਜ਼ਰਾ ਵਡੇ ਟੁਕੜੇ ਨੂੰ ਹੱਥ 'ਚ ਚੁਕ ਕੇ ਮੈਨੂੰ ਵਖਾਂਦਿਆਂ ਪੁਛਿਆ।

"ਨਹੀਂ।" ਮੈਂ ਮਜ਼ਬੂਤ ਪਰ ਨਰਮ ਲਹਿਜੇ 'ਚ ਕਿਹਾ। ਉਹ ਨਿੱਕੇ ਨਿੱਕੇ ਟੁਕੜਿਆਂ ਤੋਂ ਵਧਦੀ ਪੱਕੀ ਪਾਥੀ ਤਕ ਆ ਗਈ ਸੀ। ਮਨ 'ਚ ਆਈ ਲੈ ਜਾਵੇ, ਅਸੀਂ ਕੀ ਕਰਨੀਆਂ ਨੇ ਏਨੀਆਂ ਪਾਥੀਆਂ।

"ਗੱਲ ਸੁਣ, ਉਰੇ ਆ।" ਮੈਂ ਉਸਨੂੰ ਆਪਣੇ ਕੋਲ ਬੁਲਾਇਆ ਤਾਂ ਉਹਨਾਂ ਦੇ ਹੱਥ ਰੁਕ ਗਏ। ਮੇਰੇ ਇਕ 'ਵਾਜ ਹੋਰ ਮਾਰਨ 'ਤੇ ਉਸਨੇ ਹੱਥ 'ਚ ਚੁਕਿਆ ਟੁਕੜਾ ਸੁੱਟ ਦਿਤਾ ਤੇ ਮੇਰੇ ਵਲ ਦੇਖਦੀ ਰਹੀ। ਫੇਰ ਕੁਝ ਸੋਚਦੀ ਝੋਲੀ ਨੂੰ ਹੱਥ ਪਾ ਕੇ ਮੇਰੇ ਵਲ ਆਉਣ ਲਗੀ। ਨਿੱਕਾ ਉਸਦੀ ਝੋਲੀ ਫੜੀ ਮਗਰ ਆ ਰਿਹਾ ਸੀ। ਉਹਨਾਂ ਨੂੰ ਡਰ ਸੀ ਪਈ ਇਹ ਬੁਢਾ ਕਿਤੇ ਸਾਰੀਆਂ ਪਾਥੀਆਂ ਢੇਰੀ ਕਰਾ ਕੇ ਝੋਲੀਆਂ ਨਾ ਝਟਾਹ ਮਾਰੇ।

"ਤੇਰਾ ਨਾਉਂ ਕੀ ਐ?" ਮੈਂ ਨਜ਼ਰ 'ਚ ਨਰਮੀ ਲਿਆ ਕੇ ਪੁਛਿਆ ਤਾਂ ਉਹਨੇ ਸਾਰਾ ਅੱਗਾ ਪਿੱਛਾ ਦੱਸ ਦਿਤਾ। ਜਿਵੇਂ ਉਹ ਸਵਾਲ ਹਜ਼ਾਰਾਂ ਲੋਕਾਂ ਨੇ ਕੀਤੇ ਸਨ ਤੇ ਉਹਨਾਂ ਇੰਝ ਜਵਾਬ ਦਿਤੇ ਸੀ। ਉਹਨੇ ਦਸਿਆ ਉਹਦਾ ਨਾਂ ਲਛਮੀ ਹੈ। ਬਾਪ ਕੋਠੀ (ਝੁੱਗੀ) ਕਹਿੰਦਾ ਹੈ। ਨਿੱਕੇ ਦਾ ਨਾਂ ਇੰਦਰ ਹੈ। ਉਹਨੂੰ ਅੰਮਾਂ ਜਾਤਧੜਾ (ਟੋਕਾ) ਕਹਿੰਦੀ ਹੈ। ਉਹ ਰਾਜਸਥਾਨ ਤੋਂ ਆਏ ਨੇ ਮਿਹਨਤ ਮਜੂਰੀ ਕਰਨ। ਲੰਮੀ ਔੜ ਲਗਣ 'ਤੇ ਉਹਨਾਂ ਦਾ ਬਾਜਰਾ ਸੁਕ ਗਿਆ। ਉਹ ਜੱਟ ਹੁੰਦੇ ਨੇ। ਮੰਗਣ ਤੋਂ ਸੰਗਦੇ ਨੇ। ਕੰਮ ਹਾਲੇ ਮਿਲਿਆ ਨਹੀਂ।

ਉਹਦੇ ਜੱਟ ਹੋਣ ਤੇ ਮੇਰਾ ਮਨ ਭਰ ਆਇਆ। ਧਰਤੀ 'ਚੋਂ ਅੰਨ ਕਢ ਕੇ ਸਭ ਨੂੰ ਦੇਣ ਵਾਲੇ ਕਿਵੇਂ ਦਾਣੇ ਦਾਣੇ ਦੇ ਮੁਥਾਜ ਤੇ ਟਪਰੀਵਾਸ ਹੋਈ ਫਿਰਦੇ ਨੇ। ਇਹ ਸਾਡੀ ਜੱਦ ਦੇ ਲੋਕ ਆਪਣੀ ਧਰਤੀ, ਆਪਣੇ ਖੂਹ ਖੱਤੇ, ਆਪਣਾ ਡੰਗਰ ਵਛਾ ਛਡ ਕੇ ਕਿਵੇਂ ਤੁਰ ਪਏ?...... ਜਦੋਂ ਮੈਂ ਫੌਜ 'ਚ ਭਰਤੀ ਹੋਇਆ ਸੀ, ਸਾਡੇ ਕੋਲ ਭਾਵੇਂ ਤਿੰਨ ਸਾਢੇ ਤਿੰਨ ਕੀਲੇ ਭੋਂਇ ਸੀ, ਅਸੀਂ ਇੱਜ਼ਤਦਾਰ ਜ਼ਿਮੀਂਦਾਰ ਸੀ। ਪਿਓ ਪਤ ਵਾਲਾ ਸੀ। ਪਰ ਹੁਣ ਜਦ ਮੇਰੇ ਪੁਤਰ ਨੇ ਉਹ ਵੇਚ ਕੇ ਇਹ ਕੋਠੀ ਪਾ ਲਈ ਤਾਂ ਮੇਰੇ ਭਾ ਦਾ ਤਾਂ ਘਰ ਹੀ ਉਜੜ ਗਿਆ।...... ਇਹ ਵਿਚਾਰੇ ਆਪਣੀ ਧਰਤੀ ਤੇ ਵੀ ਨਾ ਰਹੇ, ਜੀਹਦੇ ਪਿਛੇ ਖੂਨ ਹੋ ਜਾਂਦੇ ਨੇ।

ਲਛਮੀ ਆਪਣੀਆਂ ਗੱਲਾਂ ਦੱਸੀ ਜਾ ਰਹੀ ਸੀ ਪਈ ਉਹਨਾਂ ਦੇ ਕਿੰਨੇ ਬਲਦ ਤੇ ਕਿੰਨੇ ਖੇਤ ਨੇ। ਜਦੋਂ ਮੀਂਹ ਵਸਦਾ ਹੈ ਤਾਂ ਕੋਠੀਆਂ ਕਿਵੇਂ ਦਾਣਿਆਂ ਨਾਲ ਭਰ ਜਾਂਦੀਆਂ ਨੇ।

"ਲਕਸ਼ਮੀ ਦੇਵੀ।" ਮੇਰੇ ਲਹਿਜੇ 'ਚ ਸਤਿਕਾਰ ਤੇ ਪਿਆਰ ਆ ਗਿਆ। "ਨਹੀਂ ਲਛਮੀ।" ਉਹਨੇ ਆਪਣਾ ਨਾਂ ਠੀਕ ਕਰ ਕੇ ਦਸਿਆ।

"ਚੰਗਾ ਲਛਮੀ, ਐਂ ਕਰ: ਜੇ ਤੂੰ ਆਪਣੇ ਪਿੰਡ ਵੀ ਗੋਹਾ ਪਥਦੀ ਹੁੰਦੀ ਸੀ ਤਾਂ ਅੱਜ ਸਾਡਾ ਪੱਥ ਕੇ ਫੇਰ ਥੇਪੜੀਆਂ ਲੈ ਲਈਂ, ਜਿੰਨੀਆਂ ਮਰਜ਼ੀ।"

"ਏਨੀਆਂ?" ਨਿੱਕੇ ਇੰਦਰ ਨੇ ਬਾਹਵਾਂ ਖੋਹਲ ਕੇ ਪੁਛਿਆ।

"ਹਾਂ, ਏਨੀਆਂ।" ਮੈਂ ਹੱਸ ਕੇ ਆਖਿਆ।

ਉਹਨਾਂ ਨੇ ਆਪਣੀਆਂ ਝੋਲੀਆਂ ਇਕ ਪਾਸੇ ਰੱਖ ਦਿਤੀਆਂ ਤੇ ਕੁੜਤਿਆਂ ਦੇ ਪੱਲੇ ਚੁਕ ਕੇ ਗੋਹੇ ਨੂੰ ਚੋਂਬੜ ਗਏ।

ਮੈਨੂੰ ਚੇਤਾ ਆਇਆ, ਅਸੀਂ ਨਿੱਕੇ ਹੁੰਦੇ ਇਹਨਾਂ ਵਰਗੇ ਹੀ ਹੁੰਦੇ ਸੀ। ਇਹਨਾਂ ਵਹਿਣਾਂ 'ਚ ਹੀ ਖੇਲਦੇ ਹੁੰਦੇ ਸੀ। ਕੁੜੀਆਂ ਇਸੇ ਤਰ੍ਹਾਂ ਕੁੜਤੇ ਕੱਛੇ ਪਾਉਂਦੀਆਂ ਤੇ ਮੁੰਡੇ ਤੇੜੋਂ ਨੰਗੇ ਹੁੰਦੇ। ਲੱਤਾਂ ਬਾਹਵਾਂ ਮਿੱਟੀ ਨਾਲ ਭਰੀਆਂ ਹੁੰਦੀਆਂ।

ਅੰਦਰ ਖੜਕਾ ਹੋਣ ਤੇ ਮੈਨੂੰ ਨੂੰਹ ਦਾ ਡਰ ਚੇਤੇ ਆਇਆ ਪਈ ਉਹ ਬਾਹਰ ਆ ਕੇ ਆਖ ਹੀ ਨਾ ਦਏ—ਕਿਉਂ ਨਾਸ ਮਰਾਨ ਲੱਗੇ ਹੋ ? ਅੰਦਰ ਝਾਕਿਆ, ਉਹ ਕੁਰਸੀਆਂ ਦੀਆਂ ਢੋਆਂ ਤੇ ਮਸ਼ੀਨ ਨਾਲ ਕਢਾਈ ਕਰ ਰਹੀ ਸੀ। ਪੋਤਾ ਸੁੱਤਾ ਪਿਆ ਸੀ।

ਮੈਂ ਰਸੋਈ ਵਲ ਨੂੰ ਜਾ ਕੇ ਰਸੋਈ 'ਚੋਂ ਜੱਗ ਲੱਸੀ ਦਾ ਭਰ ਲਿਆ ਤੇ ਲੂਣ ਪਾ ਕੇ ਲੈ ਆਇਆ। ਉਹਨਾਂ ਜੱਟਾਂ ਦੇ ਬਚਿਆਂ ਨੇ ਪਤੀ ਲੱਸੀ ਦਾ ਸੁਆਦ ਪਤਾ ਨਹੀਂ ਕਦੋਂ ਦਾ ਦੇਖਿਆ ਹੋਵੇਗਾ।

ਬਾਹਰ ਆਇਆ ਤਾਂ ਉਹ ਕੰਮ ਮੁਕਾ ਕੇ ਲਿਬੜੇ ਹੱਥਾਂ ਨਾਲ ਖੜੇ ਸਨ। "ਹੱਥ ਧੋਣੇ ਨੇ-ਆਓ-ਆਜੋ।" ਬੁਲਾ ਕੇ ਮੈਂ ਉਹਨਾਂ ਨੂੰ ਅੰਦਰ ਲੈ ਗਿਆ। ਵਿਹੜੇ ਵਾਲੀ ਟੂਟੀ ਖੋਹਲ ਕੇ ਉਹਨਾਂ ਨੂੰ ਹੱਥ ਧੋਣ ਲਈ ਕਿਹਾ ਤਾਂ ਲਛਮੀ ਕਦੇ ਮੇਰੇ ਵਲ ਦੇਖੇ ਤੇ ਕਦੇ ਉਥੇ ਪਏ ਭਾਂਡਿਆਂ ਵਲ। ਇੰਦਰ ਉਹਦੀ ਨਕਲ ਕਰਨ ਨੂੰ ਉਹਦੇ ਪਿਛੇ ਖੜਾ ਸੀ। ਪਾਣੀ ਦੀ ਧਾਰ ਤੋਂ ਉਰੇ ਪਿੱਤਲ ਦੀ ਬਾਲਟੀ ਤੇ ਦੋ ਪਤੀਲੇ ਪਏ ਸਨ। ਉਹ ਮਾਈ ਨੇ ਆ ਕੇ ਮਾਂਜਣੇ ਸਨ। "ਇਹ ਭਾਂਡੇ ਚੁਕ ਲਓ।" ਲਛਮੀ ਨੇ ਸੰਕੇਤ ਨਾਲ ਕਿਹਾ।

"ਤੂੰ ਆਪੇ ਪਰੇ ਕਰ ਦੇ।" ਮੈਂ ਆਖਿਆ। ਮੇਰੇ ਇਕ ਹੱਥ 'ਚ ਜੱਗ ਤੇ ਦੂਜੇ 'ਚ ਕੱਚ ਦਾ ਗਲਾਸ ਸੀ।

"ਨਾ, ਤੁਸੀਂ ਆਪੇ ਕਰ ਦਿਓ।"—ਉਹਨੇ ਬਹੁਤ ਨਿੰਮਰਤਾ ਨਾਲ ਅਖਾਂ ਤੇ ਸਿਰ ਨੀਵਾਂ ਕਰ ਕੇ ਕਿਹਾ ਤਾਂ ਮੈਨੂੰ ਮਹਿਸੂਸ ਹੋਇਆ ਪਈ ਉਹ ਭਾਂਡਿਆਂ ਦੇ ਭਿਟ ਹੋਣ ਤੋਂ ਡਰਦੀ ਹੈ। ਫੌਜ 'ਚ ਮੈਨੂੰ ਪਤਾ ਲਗ ਗਿਆ ਸੀ ਪਈ ਰਾਜਸਥਾਨ 'ਚ ਰਾਜਪੂਤ ਜੱਟਾਂ ਨੂੰ ਆਪਣੇ ਬਰਾਬਰ ਨਹੀਂ ਬਹਿਣ ਦੇਂਦੇ, ਭਾਂਡੇ ਤਾਂ ਕੀ ਦੇਣੇ ਨੇ। ਮੈਂ ਜੁੱਤੀ ਲਾਹ ਕੇ ਨੰਗੇ ਪੈਰ ਨਾਲ ਭਾਂਡੇ ਪਰੇ ਕਰ ਦਿਤੇ।

ਹੱਥ ਧੋ ਕੇ ਆਪਣੇ ਪਲਿਆਂ ਨਾਲ ਪੂੰਝਦੇ ਉਹ ਦੋਵੇਂ ਗੇਟ ਤੋਂ ਬਾਹਰ ਉਥੇ ਜਾ ਖਲੋਤੇ ਜਿਥੇ ਉਹਨਾਂ ਦੇ ਛਿਤਰ ਪਏ ਸਨ।

ਮੈਂ ਗਲਾਸ ਵਿਚ ਲੱਸੀ ਪਾਉਣ ਲੱਗਾ ਤਾਂ ਲਛਮੀ ਨੇ ਬੜੀ ਅਧੀਨਗੀ ਨਾਲ ਕਿਹਾ,—"ਬਾਬਾ ਜੀ, ਬਾਬਾ ਜੀ, ਇਹਨੂੰ ਇਕ ਰੋਟੀ ਦੇ ਦਿਓ। ਇਹ ਭੁੱਖਾ ਹੈ। ਮੈਨੂੰ ਲੋੜ ਨਹੀਂ। ਬੱਚਾ ਹੈ ਨਾ।"

"ਮਿਲੂਗੀ, ਦੇਂਦਾਂ।" ਆਖ ਕੇ ਮੈਂ ਜੱਗ ਤੇ ਗਿਲਾਸ ਗੇਟ ਦੇ ਕੌਲੇ ਤੇ ਰਖ ਕੇ ਰਸੋਈ 'ਚ ਗਿਆ। ਤੇ ਦੋ ਰੋਟੀਆਂ 'ਤੇ ਅੰਬ ਦਾ ਆਚਾਰ ਰਖ ਕੇ ਲੈ ਆਇਆ। ਲਛਮੀ ਨੂੰ ਹਸਦਿਆਂ ਪੁਛਿਆ, "ਤੈਨੂੰ ਪਤੈ, ਅਸੀਂ ਕੌਣ ਹੁੰਦੇ ਆਂ।"

"ਨਾ।" ਉਹਨੇ ਸਿਰ ਹਿਲਾ ਦਿਤਾ।

"ਮੈਂ ਦੱਸਾਂ।" ਦੋਵੇਂ ਰੋਟੀਆਂ ਮੈਂ ਇੰਦਰ ਨੂੰ ਫੜਾਂਦਿਆਂ ਕਿਹਾ। —"ਅਸੀਂ ਚਮਾਰ ਹੁੰਦੇ ਆਂ, ਜੁੱਤੀਆਂ ਬਣਾਉਣ ਵਾਲੇ। ਪਰ ਹੁਣ ਚੰਮ ਦਾ ਕੰਮ ਨਹੀਂ ਕਰਦੇ।"

ਜਦ ਮੈਂ ਗਲਾਸ 'ਚ ਲੱਸੀ ਪਾਉਣ ਲੱਗਾ ਤਾਂ ਲਛਮੀ ਨੇ ਸੈਨਤ ਨਾਲ ਇੰਦਰ ਨੂੰ ਰੋਟੀ ਖਾਣ ਤੋਂ ਰੋਕ ਦਿਤਾ। ਜਦੋਂ ਗਲਾਸ ਲਛਮੀ ਵਲ ਕੀਤਾ ਤਾਂ ਉਹਨੇ ਫੜਨ ਤੋਂ ਇਨਕਾਰ ਕਰ ਦਿਤਾ। ਕਹਿੰਦੀ—, "ਨਹੀਂ ਬਾਬਾ ਜੀ, ਮੈਨੂੰ ਭੁੱਖ ਨਹੀਂ, ਤ੍ਰਿਆ ਨਹੀਂ।"

ਮੈਂ ਉਹਨੂੰ ਦਸਿਆ ਪਈ ਕਮਲਈਏ ਅਸੀਂ ਵੀ ਜੱਟ ਈ ਹੁੰਦੇ ਹਾਂ ਮੈਂ ਤਾਂ ਉਜੇ ਝੂਠ ਮੂਠ ਆਖਿਆ ਸੀ, ਉਹਨੂੰ ਤਾਂ ਵੀ ਖ਼ਿਆ ਨਹੀਂ ਲੱਗੀ।—ਆਪਣੀ ਝੋਲੀ ਵਿਛਾ ਕੇ ਪੁਛਣ ਲਗੀ, "ਕਿੰਨੀਆਂ ਪਾਥੀਆਂ ਪਾ ਲਵਾਂ ?" ਉਹਦੀ ਆਵਾਜ਼ 'ਚ ਅਧੀਨਗੀ ਘਟ ਗਈ ਸੀ।

"ਜਿੰਨੀਆਂ ਚੁਕ ਹੁੰਦੀਆਂ ਨੇ।" ਆਖ ਕੇ ਮੈਂ ਪਿਛਾਂਹ ਮੁੜ ਪਿਆ ਤੇ ਲੱਸੀ ਕੁੱਤੇ ਦੇ ਭਾਂਡੇ 'ਚ ਪਾ ਦਿਤੀ।

**SHAKTI GIFT**

**6576 MAIN STREET, VANCOUVER, B.C.**

**Where you can get all types of Real and Artificial Jewellery and all types of oriental designs can be made!**

**SALE AND REPAIRS OF WATCHES**

321-6214

# ਗ੍ਰਿਫ਼ਤਾਰੀ – ਇਕ ਨਾਮੀ ਸਮੱਗਲਰ ਦੀ

ਸ਼ੇਰ ਜੰਗ ਜਾਂਗਲੀ

ਥਾਣੇਦਾਰ ਹਜ਼ੂਰ ਸਿੰਘ ਨੇ ਅੱਜ ਮਾਅਰਕਾ ਮਾਰਿਆ ਸੀ, ਅਤੇ ਉਹ ਬਹੁਤ ਖ਼ੁਸ਼ ਸੀ। ਉਸ ਨੇ ਮੁੱਛਾਂ ਨੂੰ ਤਾਅ ਦਿੰਦਿਆਂ ਸਿਪਾਹੀ ਹੁਕਮ ਸਿੰਘ ਨੂੰ ਹਾਕ ਮਾਰੀ, "ਹੁਕਮ ਸਿੰਘ!"

"ਹੁਕਮ ਜਨਾਬ", ਹੁਕਮ ਸਿੰਘ ਨੇ ਅਟੈਨਸ਼ਨ ਹੋ ਕੇ ਉੱਤਰ ਦਿੱਤਾ।

"ਬਈ ਛੇਤੀ ਜਸ਼ਨ ਜਲਸਾ ਹੋ ਜਾਏ ਹੁਕਮ ਸਿਆਂ! ਅੱਜ ਤਾਂ ਅਸੀਂ ਬੜਾ ਵੱਡਾ ਮੋਰਚਾ ਫ਼ਤਹਿ ਕੀਤੈ।"

"ਜੋ ਹੁਕਮ ਸਰਕਾਰ" ਹੁਕਮ ਸਿੰਘ ਨੇ ਸਲੂਟ ਮਾਰਦਿਆਂ ਆਖਿਆ।

ਦਸ ਮਿੰਟ ਦੇ ਅੰਦਰ ਅੰਦਰ ਹੀ ਹੁਕਮ ਸਿੰਘ ਨੇ ਥਾਣੇਦਾਰ ਹਜ਼ੂਰ ਸਿੰਘ ਦੀ ਮੇਜ਼ ਤੇ ਮੱਛੀ ਦੇ ਪਕੌੜੇ, ਸ਼ਰਾਬ ਦੀ ਬੋਤਲ, ਸੋਡਾ, ਬਰਫ਼ ਅਤੇ ਹੋਰ ਨਿਕ ਸੁਕ ਲਿਆ ਟਿਕਾਇਆ। "ਹੋਰ ਹੁਕਮ ਸਰਕਾਰ।"

ਥਾਣੇਦਾਰ ਨੇ ਬੜੇ ਹੀ ਅਪਨੱਤ ਦੇ ਭਾਵ ਨਾਲ ਆਖਿਆ, 'ਜੀਊਂਦਾ ਰਹਿ ਹੁਕਮ ਸਿਆਂ। ਆ ਜਾ ਤੂੰ ਵੀ ਬਹਿ ਜਾ। ਔਹ ਕੁਰਸੀ ਰਤਾ ਉਰੇ ਕਰ ਲੈ।"

"ਜੋ ਹੁਕਮ ਸਰਕਾਰ।" ਹੁਕਮ ਸਿੰਘ ਨੇ ਕੁਰਸੀ ਤੇ ਬਠਦਿਆਂ ਆਖਿਆ। ਉਸ ਨੇ ਥਾਣੇਦਾਰ ਲਈ ਡਬਲ ਅਤੇ ਆਪਣੇ ਲਈ ਸਿੰਗਲ ਪੈੱਗ ਤਿਆਰ ਕਰਦਿਆਂ ਪੁਛਿਆ, "ਸੋਡਾ, ਸਰਕਾਰ?"

"ਨਹੀਂ ਰਹਿਣ ਦੇ; ਨੀਟ ਹੀ ਠੀਕ ਰਹੇਗੀ।" ਥਾਣੇਦਾਰ ਨੇ ਪਕੌੜੇ ਚੁਕਦਿਆਂ ਆਖਿਆ।

ਹੁਕਮ ਸਿੰਘ ਨੇ ਸ਼ਰਾਬ ਦਾ ਘੁਟ ਭਰਦਿਆਂ ਆਖਿਆ, "ਸਰਕਾਰ ਪੰਜ ਕਿਲੋ ਫ਼ੀਮ ਨਿਕਲੀ ਹਰਾਮਜ਼ਾਦੇ ਕੋਲੋਂ ਸੱਠ ਬੋਤਲਾਂ ਨਾਜਾਇਜ਼ ਸ਼ਰਾਬ ਦੀਆਂ ਫੜੀਆਂ ਗਈਆਂ ਉਤੋਂ ਸਾਲੇ ਮੇਰੇ ਦਾ ਬੜ੍ਹਕਾਂ ਮਾਰ ਮਾਰ ਆਖੇ। ਪੇਟੀਆਂ ਲੁਹਾ ਦੂੰ ਤੁਹਾਡੀਆਂ।"

"ਅੱਜ ਰਾਤ ਨੂੰ ਸਾਲੇ ਨੂੰ ਮੁਰਗਾ ਬਣਾਉ, ਤੇ ਤਕੜਾ ਚਾਟਾ ਛਕਾਉ। ਪੁੱਛੋ ਬਈ, ਕਿਹੜੇ ਕਿਹੜੇ ਤੇ ਕਿੰਨੇ ਬੰਦੇ ਨੇ ਉਹਦੀ ਗੈਂਗ 'ਚ।"

ਹੁਕਮ ਸਿੰਘ ਥੋੜਾ ਖਚਰਾ ਜਿਹਾ ਹੱਸ ਕੇ ਕਹਿਣ ਲਗਾ, "ਜੋ ਹੁਕਮ ਸਰਕਾਰ। ਆਖੋ ਤਾਂ ਮੁਰਗੇ ਨੂੰ ਮੁਰਗੀ ਵੀ ਬਣਾ ਦੇਈਏ। ਜੇ ਸੋਨੇ ਦਾ ਨਹੀਂ ਤਾਂ ਚਾਂਦੀ ਦਾ ਆਂਡਾ ਤਾਂ ਕਿਧਰੇ ਗਿਆ ਨਹੀਂ।"

ਥਾਣੇਦਾਰ ਹਜ਼ੂਰ ਸਿੰਘ ਦੂਜਾ ਪੈੱਗ ਤਿਆਰ ਕਰਦਾ ਬੋਲਿਆ, "ਪਰ ਹੁਕਮ ਸਿਆਂ ਤੂੰ ਹਾਲੇ ਮੈਨੂੰ ਚੰਗੀ ਤਰ੍ਹਾਂ ਜਾਣਦਾ ਨਹੀਂ! ਸਾਨੂੰ ਤਾਂ ਸੋਨੇ ਦਾ ਅੰਡਾ ਹੀ ਚਾਹੀਦੈ।"

"ਇਹ ਤਾਂ ਠੀਕ ਆ ਸਰਕਾਰ।" ਹੁਕਮ ਸਿੰਘ ਨੇ, ਇਸ ਵਾਰ ਆਪਣੇ ਲਈ ਵੀ ਡਬਲ ਪੈੱਗ ਤਿਆਰ ਕਰ ਲਿਆ।

"ਹੁਕਮ ਸਿੰਘ ਤੈਨੂੰ ਤਾਂ ਪਤਾ ਹੀ ਐ ਕਿ ਮੈਂ ਏਥੇ ਨਵਾਂ ਨਵਾਂ ਬਦਲ ਕੇ ਆਇਆ ਹਾਂ। ਏਸ ਲਈ ਇਲਾਕੇ ਦਾ ਇਕ ਇਕ ਬਦਮਾਸ਼ ਤਕਲੇ ਵਾਂਗ ਸਿੱਧਾ ਕਰ ਕੇ ਰਖਣਾ। ਕੋਈ ਅੱਖ 'ਚ ਪਾਇਆ ਨਾ ਰੜਕੇ। ਤੈਨੂੰ ਪਤਾ, ਮੇਰਾ ਨਾਂ ਵੀ ਹਜ਼ੂਰ ਸਿੰਘ ਆ।"

"ਇਹ ਤਾਂ ਠੀਕ ਆ ਸਰਕਾਰ।"

ਉਸੇ ਵੇਲੇ ਹੀ ਟੈਲੀਫ਼ੂਨ ਦੀ ਘੰਟੀ ਵੱਜੀ। ਹਜ਼ੂਰ ਸਿੰਘ ਨੇ ਰਸੀਵਰ ਚੁੱਕਣ ਤੋਂ ਪਹਿਲਾਂ ਗੁੱਸੇ ਨਾਲ ਆਖਿਆ, "ਹੁਣ ਕਿਹਦੀ ਮਾਂ ਨੂੰ ਵਖਤ ਆਇਆ, ਸਾਲੇ ਵੇਲਾ ਵੇਖਦੇ ਆ ਨਾ ਕੁਵੇਲਾ।"

"ਹੈਲੋ ਜੀ ਸਰਕਾਰ...... ਜੀ ਸਰਕਾਰ ਤੁਸੀਂ ਮਾਈ ਬਾਪ ਹੋ ਹਜ਼ੂਰ। ਹਜ਼ੂਰ ਅਸੀਂ ਤਾਂ ਹੁਕਮ ਦੇ ਗ਼ੁਲਾਮ ਹਾਂ। ਅੱਧੇ ਘੰਟੇ ਤਕ। ਬਹੁਤ ਬਿਹਤਰ ਜਨਾਬ।"

ਥਾਣੇਦਾਰ ਹਜ਼ੂਰ ਸਿੰਘ ਦੀ ਆਵਾਜ਼ ਕੰਬ ਰਹੀ ਸੀ। ਉਸ ਨੇ ਰਸੀਵਰ ਰਖਦਿਆਂ ਆਖਿਆ, "ਹੁਕਮ ਸਿੰਘ।"

"ਹੁਕਮ ਸਰਕਾਰ।"

"ਆਪਣੇ ਮਹਿਕਮੇ ਦੇ ਮੰਤਰੀ ਦਾ ਟੈਲੀਫੂਨ ਆਇਆ। ਉਹ ਅੱਧੇ ਘੰਟੇ ਤਕ ਮੁਆਇਨੇ ਲਈ ਪੁਜ ਰਹੇ ਹਨ।"

"ਅੱਧੇ ਘੰਟੇ ਤਕ।" ਹੁਕਮ ਸਿੰਘ ਦਾ ਮੂੰਹ ਅੱਡਿਆ ਗਿਆ ਤੇ ਲਲਚਾਈ ਨਜ਼ਰ ਬੋਤਲ ਅਤੇ ਮੱਛੀ ਉਤੇ ਟਿਕ ਗਈ।

"ਹਾਂ ਅੱਧੇ ਘੰਟੇ ਤਕ। ਉਹ ਏਧਰ ਦੀ ਲੰਘ ਰਹੇ ਸਨ, ਤੇ ਅਚਾਨਕ ਛਾਪਾ ਮਾਰਨਾ ਸੀ, ਪਰ ਉਨ੍ਹਾਂ ਨੇ ਪਹਿਲਾਂ ਦਸ ਦੇਣਾ ਮੁਨਾਸਿਬ ਸਮਝਿਆ ਏਸ ਲਈ ਤੂੰ ਫੌਰਨ ਤੋਂ ਪਹਿਲਾਂ, ਐ ਸਭ ਕੁਝ ਸਾਂਭ ਲੈ।"

"ਜੋ ਹੁਕਮ ਸਰਕਾਰ।" ਹੁਕਮ ਸਿੰਘ ਵੀ ਘਬਰਾ ਜਿਹਾ ਗਿਆ। ਠੀਕ ਅੱਧੇ ਘੰਟੇ ਬਾਅਦ ਮੰਤਰੀ ਜੀ ਦੀ ਕਾਰ ਥਾਣੇ ਅਗੇ ਸੀ। ਥਾਣੇਦਾਰ ਹਜ਼ੂਰ ਸਿੰਘ ਦੇ ਚਿਹਰੇ ਤੇ ਹਵਾਈਆਂ ਉੱਡ ਰਹੀਆਂ ਸਨ। ਡੀ ਸੀ.; ਐਸ ਪੀ.; ਡੀ. ਐਸ. ਪੀ. ਕੋਈ ਵੀ ਨਾਲ ਨਹੀਂ ਸੀ। ਆਖਰ ਇਸ ਅਚਾਨਕ ਛਾਪੇ, ਜਾਂ ਮੁਆਇਨੇ ਦਾ ਮਤਲਬ ਕੀ ਹੋਇਆ ?" ਉਹ ਸੋਚ ਸੋਚ ਕੇ ਪਰੇਸ਼ਾਨ ਹੋ ਰਿਹਾ ਸੀ।

ਮੰਤਰੀ ਜੀ ਦਫਤਰ 'ਚ ਆ ਬੈਠੇ। ਉਹ ਬੋਲੇ, "ਇੰਜ ਲਗਦੈ ਕੋਈ ਜਸ਼ਨ ਹੁੰਦਾ ਹਟਿਐ ਏਥੇ।"

"ਜੀ ਸਰਕਾਰ ਮੇਰਾ ਮਤਲਬ ਹੈ ਨਹੀਂ ਸਰਕਾਰ।"

ਮੰਤਰੀ ਜੀ ਨੇ ਤਸੱਲੀ ਨਾਲ ਆਖਿਆ, "ਅਸੀਂ ਤੁਹਾਡੇ ਰੰਗ 'ਚ ਭੰਗ ਪਾਉਣ ਦੇ ਇਰਾਦੇ ਨਾਲ ਬਿਲਕੁਲ ਨਹੀਂ ਆਏ। ਅਸੀਂ ਤਾਂ ਕੇਵਲ ਇਹ ਜਾਣਨਾ ਚਾਹੁੰਦੇ ਹਾਂ, ਕਿ ਕੀ ਇਲਾਕੇ 'ਚ ਸਭ ਠੀਕ ਠਾਕ ਹੈ।"

"ਸਰਕਾਰ ਦੀ ਮਿਹਰਬਾਨੀ ਆ। ਕੁਝ ਪਾੜ੍ਹੇ ਮੁੰਡੇ ਜ਼ਰਾ ਚੂੰ ਚੂ ਕਰਦੇ ਆ। ਪਰ ਸਰਕਾਰ ਉਨ੍ਹਾਂ ਨੂੰ ਚੁੱਪ ਕਰਾਉਣਾ ਮੈਨੂੰ ਆਉਂਦਾ। ਕਿੱਲੇ 'ਚ ਟਰੇਨਿੰਗ ਲਈ ਸੀ, ਕੋਈ ਝੱਖ ਤਾਂ ਨਹੀਂ ਮਾਰੀ ਸੀ।"

"ਜ਼ਰਾ ਹੁਸ਼ਿਆਰੀ ਨਾਲ ਚੁੱਪ ਕਰਾਉਣਾ।"

"ਸਰਕਾਰ ਬੇ ਫ਼ਿਕਰ ਰਹਿਣ। ਅਮਨ ਕਾਨੂੰਨ ਭੰਗ ਕਰਨ ਵਾਲਿਆਂ ਦਾ ਖੁਰਾ ਖੋਜ ਮਿਟਾ ਦਿਆਂਗੇ।"

"ਨਹੀਂ, ਨਹੀਂ ਬਿਲਕੁਲ ਨਹੀਂ। ਅਸੀਂ ਸ਼ਾਂਤੀ ਅਤੇ ਅਹਿੰਸਾ ਨਾਲ ਹੀ ਸਭ ਦੇ ਦਿਲ ਜਿੱਤਣੇ ਹਨ। ਇਹੀ ਸਾਡੀ ਪਾਲਸੀ ਹੈ। ਹਾਂ, ਜੇ ਪੇਸ਼ ਨਾ ਹੀ ਜਾਵੇ, ਅਤੇ ਇਹ ਲੋਕ ਕਾਨੂੰਨ ਆਪਣੇ ਹੱਥ 'ਚ ਲੈ ਲੈਣ ਤਾਂ ਮਜਬੂਰੀ 'ਚ ਤੁਸੀਂ ਕੋਈ ਅਜੇਹਾ ਕਦਮ ਉਠਾ ਸਕਦੇ ਹੋ। ਪਰ ਬਹੁਤ ਸੰਭਲ ਕੇ ਅਤੇ ਹੁਸ਼ਿਆਰੀ ਨਾਲ।"

"ਸਰਕਾਰ ਨਿਸ਼ਚਿਤ ਰਹਿਣ। ਕੋਈ ਵੀ ਅਜੇਹਾ ਕਦਮ ਨਹੀਂ ਪੁਟਿਆ ਜਾਵੇਗਾ, ਜਿਸ ਨਾਲ ਹਕੂਮਤ ਨੂੰ ਕਿਸੇ ਕਿਸਮ ਦੀ ਪਰੇਸ਼ਾਨੀ ਦਾ ਸਾਹਮਣਾ ਕਰਨਾ ਪਵੇ।" ਥਾਣੇਦਾਰ ਹਜ਼ੂਰ ਸਿੰਘ ਨੇ ਹਿੱਕ ਥਾਪੜਦਿਆਂ, ਭਰੋਸਾ ਦੁਆਇਆ।

"ਸ਼ਾਬਾਸ਼। ਸਾਨੂੰ ਤੁਹਾਡੇ ਜਿਹੇ ਵਫ਼ਾਦਾਰਾਂ ਤੋਂ ਇਹੀ ਆਸ ਹੈ। ਹਾਂ, ਸੱਚ ਸੁਣਿਆ ਹੈ ਅੱਜ ਤੁਸੀਂ ਜ਼ੋਰਾਵਰ ਨਾਂ ਦੇ ਇਕ ਬੰਦੇ ਨੂੰ ਗ੍ਰਿਫ਼ਤਾਰ ਕੀਤਾ ਹੈ ?"

"ਸਰਕਾਰ, ਉਹ ਬਹੁਤ ਵੱਡਾ ਸਮੱਗਲਰ ਹੈ। ਉਸ ਕੋਲੋਂ ਪੰਜ ਕਿਲੋ ਫ਼ੀਮ ਅਤੇ ਸੱਠ ਬੋਤਲਾਂ ਨਾਜਾਇਜ਼ ਸ਼ਰਾਬ ਦੀਆਂ ਫੜੀਆਂ ਗਈਆਂ ਹਨ।"

"ਬਹੁਤ ਚੰਗਾ ਕੀਤਾ, ਤੁਸੀਂ ਉਸ ਨੂੰ ਗ੍ਰਿਫ਼ਤਾਰ ਕਰ ਕੇ ਉਸ ਨਾਲਾਇਕ ਨੂੰ। ਉਸ ਦੇ ਕੀਤੇ ਦੀ ਸਜ਼ਾ ਮਿਲਣੀ ਹੀ ਚਾਹੀਦੀ ਹੈ। ਮੇਰੇ ਮੰਤਰੀ ਬਣ ਜਾਣ ਦਾ ਮਤਲਬ ਇਹ ਬਿਲਕੁਲ ਨਹੀਂ, ਕਿ ਮੇਰਾ ਭਾਣਜਾ ਜੋ ਜੀ 'ਚ ਆਵੇ ਕਰੀ ਜਾਵੇ।"

"ਸਰਕਾਰ, ਉਹ ਸਰਕਾਰ ਦਾ ਭਾਣਜਾ ?" ਥਾਣੇਦਾਰ ਹਜ਼ੂਰ ਸਿੰਘ ਦੇ ਹੱਥਾਂ ਦੇ ਤੋਤੇ ਉੱਡ ਗਏ।

"ਹਾਂ। ਪਰ ਸਮਝ ਨਹੀਂ ਪੈਂਦੀ ਕਿ ਉਹ ਅਜੇਹੀਆਂ ਭੈੜੀਆਂ ਆਦਤਾਂ ਦਾ ਸ਼ਿਕਾਰ ਕਿਵੇਂ ਹੋ ਗਿਆ। ਉਂਜ ਬੜਾ ਸਿਆਣਾ ਵਾ। ਇਲਾਕੇ 'ਚ ਕਾਫ਼ੀ ਅਸਰ ਰਸੂਖ਼ ਆ ਉਸ ਦਾ। ਸੱਚ ਤਾਂ ਇਹ ਹੈ, ਕਿ ਪਿਛਲੀਆਂ ਚੋਣਾਂ, ਮੈਂ ਜਿੱਤੀਆਂ ਹੀ ਉਸ ਦੇ ਸਿਰ ਤੇ ਸੀ।"

"ਸਰਕਾਰ, ਤੁਹਾਡਾ ਭਾਣਜਾ ਹੋਇਆ, ਜਾਂ ਮੇਰਾ। ਕੀ ਫ਼ਰਕ ਹੈ ? ਗ਼ਲਤੀ ਕਿਸ ਤੋਂ ਨਹੀਂ ਹੁੰਦੀ।" ਥਾਣੇਦਾਰ ਹਜ਼ੂਰ ਸਿੰਘ ਸਤਿਕਾਰ ਦੀ ਸਾਖਸ਼ਾਤ ਮੂਰਤੀ ਬਣਿਆ ਖੜਾ ਸੀ।

"ਅੱਛਾ, ਤੁਸੀਂ ਆਪਣਾ ਜਸ਼ਨ ਕਰੋ। ਮੈਂ ਚਲਦਾਂ। ਜ਼ਰਾ ਹੋਰ ਵੀ ਕੰਮ ਨੇ। ਇਲਾਕੇ ਵਿਚ ਗ਼ੈਰਕਾਨੂੰਨੀ ਅਤੇ ਬਦਅਮਨੀ ਰੋਕਣਾ ਤੁਹਾਡਾ ਫ਼ਰਜ਼ ਹੈ। ਤੇ ਸਰਕਾਰ ਆਸ ਕਰਦੀ ਹੈ, ਕਿ ਤੁਸੀਂ ਆਪਣਾ ਫ਼ਰਜ਼ ਪੂਰੀ ਤਰ੍ਹਾਂ ਨਿਭਾਵੋਗੇ।" ਮੰਤਰੀ ਜੀ ਨੇ ਕੁਰਸੀ ਤੋਂ ਉਠਦਿਆਂ ਆਖਿਆ।

ਥਾਣੇਦਾਰ ਸਾਹਿਬ ਨੇ ਸਲੂਟ ਮਾਰਦਿਆਂ ਉੱਤਰ ਦਿਤਾ, "ਸਰਕਾਰ ਅਸੀਂ ਫ਼ਰਜ਼ ਤੋਂ ਕਦੇ ਵੀ ਕੋਤਾਹੀ ਨਹੀਂ ਕਰਾਂਗੇ।"

ਮੰਤਰੀ ਜੀ ਦੇ ਚਲੇ ਜਾਣ ਤੋਂ ਬਾਅਦ ਥਾਣੇਦਾਰ ਹਜ਼ੂਰ ਸਿੰਘ ਨੇ ਹੁਕਮ ਸਿੰਘ ਨੂੰ ਹਾਕ ਮਾਰੀ, "ਹੁਕਮ ਸਿੰਘ।"

"ਹੁਕਮ ਜਨਾਬ।" ਹੁਕਮ ਸਿੰਘ, ਥਾਣੇਦਾਰ ਸਾਹਮਣੇ ਅਟੈਨਸ਼ਨ ਹੋਇਆ ਖੜਾ ਸੀ।

"ਹੁਕਮ ਸਿੰਘ, ਬੜਾ ਗ਼ਜ਼ਬ ਹੋ ਗਿਆ। ਜ਼ੋਰਾਵਰ ਤਾਂ ਘਰ ਦਾ ਹੀ ਬੰਦਾ ਨਿਕਲ ਆਇਆ। ਆਪਣੇ ਮੰਤਰੀ ਜੀ ਦਾ ਭਾਣਜਾ, ਜ਼ੋਰਾਵਰ ਤਾਂ।"

"ਇਹ ਤਾਂ ਬੜਾ ਮਾੜਾ ਹੋਇਆ ਜਨਾਬ।" ਹੁਕਮ ਸਿੰਘ ਨੇ ਤਾਈਦ ਕੀਤੀ।

ਥਾਣੇਦਾਰ ਸਾਹਿਬ ਬੋਲੇ, "ਹੁਕਮ ਸਿੰਘ, ਤੂੰ ਇਕ ਡਬਲ ਪੈੱਗ ਤਿਆਰ ਕਰ। ਕੋਈ ਨਾ ਕੋਈ ਰਾਹ ਜ਼ਰੂਰ ਨਿਕਲ ਆਉਣਾ। ਗੱਲ ਤਾਂ ਕੁਝ ਵੀ ਨਹੀਂ ਜ਼ੋਰਾਵਰ ਨੂੰ ਹੁਣੇ ਤੋਰ ਦੇਣਾ ਸੀ, ਪਰ ਗ਼ਲਤੀ ਨਾਲ, ਅਖ਼ਬਾਰ ਦੇ ਰੀਪੋਟਰ ਨੂੰ ਦਸਿਆ ਗਿਆ ਕਿ ਇਕ ਨਾਮੀ ਸਮੱਗਲਰ ਗ੍ਰਿਫ਼ਤਾਰ ਕੀਤਾ।"

ਹੁਕਮ ਸਿੰਘ ਦੋ ਪੈੱਗ ਤਿਆਰ ਕਰ ਲਿਆਇਆ। ਥਾਣੇਦਾਰ ਸਾਹਿਬ ਨੇ ਇਕੋ ਵਾਰ ਹੀ ਪੈੱਗ ਹਲਕ 'ਚ ਉਂਡੇਲ ਲਿਆ। "ਇਕ ਹੋਰ ਤਿਆਰ ਕਰ।" ਹੁਕਮ ਸਿੰਘ ਨੇ ਝੱਟ ਦੂਜਾ ਪੈੱਗ ਤਿਆਰ ਕਰ ਲਿਆਂਦਾ।

ਥਾਣੇਦਾਰ ਨੇ ਹੁਕਮ ਸਿੰਘ ਨੂੰ ਕੁਝ ਸਮਝਾਇਆ। ਹੁਕਮ ਸਿੰਘ ਜਾਣ ਲਗਿਆ ਤਾਂ ਥਾਣੇਦਾਰ ਬੋਲਿਆ, "ਹੁਕਮ ਸਿੰਘ।"

"ਹੁਕਮ ਜਨਾਬ।" ਹੁਕਮ ਸਿੰਘ ਥਾਏਂ ਅਟੈਨਸ਼ਨ ਹੋ ਗਿਆ। "ਜਾਂਦਾ ਜਾਂਦਾ, ਜ਼ੋਰਾਵਰ ਨੂੰ ਏਥੇ ਹੀ ਭੇਜ ਜਾ। ਤੋਲਾ ਕੁ ਉਹ ਵੀ ਲੈ ਲਊ।"

"ਜਨਾਬ ਹੁਕਮ ਹੋਵੇ ਤਾਂ ਬਾਹਰੋਂ ਮੱਛੀ ਦੇ ਪਕੌੜੇ ਵੀ ਫੜ ਲਿਆਵਾਂ।"

"ਤੂੰ ਉਹ ਕੰਮ ਕਰ, ਜਿਹੜਾ ਤੈਨੂੰ ਆਖਿਆ। ਜ਼ੋਰਾਵਰ ਨੂੰ ਮੈਂ ਆਪੇ ਹੀ ਲੈ ਆਵਾਂਗਾ, ਤੇ ਮੱਛੀ ਵੀ!"

"ਜੋ ਹੁਕਮ ਸਰਕਾਰ।" ਹੁਕਮ ਸਿੰਘ ਆਖ ਕੇ ਚਲਿਆ ਗਿਆ।

ਇਕ ਘੰਟੇ ਬਾਅਦ ਉਹ ਇਕ ਬੰਦੇ ਨੂੰ ਫੜ

ਲਿਆਇਆ ।

"ਕੀ ਨਾਂ ਉਏ ਤੇਰਾ ?" ਥਾਣੇਦਾਰ ਹਜ਼ੂਰ ਸਿੰਘ ਨੇ ਪੁੱਛਿਆ ।

"ਮਾੜਾ ਸਿੰਘ ਮਾਈ ਬਾਪ ।"

"ਸਾਲਾ ਮਾਈ ਬਾਪ ਦਾ । ਐ ਪੁਲਸ ਨੇ ਛਾਪਾ ਮਾਰ ਕੇ ਤੇਰੇ ਘਰੋਂ ਇਕ ਕਿਲੋ ਫੀਮ ਤੇ ਪੰਦਰਾਂ ਬੋਤਲਾਂ ਨਜਾਇਜ਼ ਸ਼ਰਾਬ ਦੀਆਂ ਫੜੀਆਂ ।"

"ਨਹੀਂ ਮਾਈਬਾਪ, ਪੁਲਸ ਨੂੰ ਭੁਲੇਖਾ ਲਗਾ ਹੋਊ । ਮੈਂ ਤਾਂ ਰਿਕਸ਼ਾ ਚਲਾਉਨਾਂ ।"

"ਹੁਕਮ ਸਿੰਘ ।" ਥਾਣੇਦਾਰ ਗੜ੍ਹਕਿਆ ।

"ਜੀ ਜਨਾਬ ।"

"ਢਾਹ ਲਓ ਹਰਾਮ ਦੇ ਨੂੰ। ਚੰਗੀ ਤਰ੍ਹਾਂ ਤੌਣੀ ਲਾਹੋ ਏਸ ਦੀ । ਕੋਈ ਛੱਟਿਆ ਬਦਮਾਸ਼ ਲਗਦਾ । ਪੋਲੇ ਪੈਰੀਂ ਮੰਨਦਾ ਨਜ਼ਰ ਨਹੀਂ ਆਉਂਦਾ ।"

ਸਵੇਰ ਤਕ ਮਾੜਾ ਸਿੰਘ ਨੇ ਇਕਬਾਲ ਕਰ ਲਿਆ ਸੀ, ਕਿ ਅਫੀਮ ਅਤੇ ਸ਼ਰਾਬ ਦੀਆਂ ਬੋਤਲਾ ਉਸ ਦੇ ਘਰੋਂ ਹੀ ਬਰਾਮਦ ਹੋਈਆਂ ਸਨ ।

●

ਸਫ਼ਾ ੨੬ ਦੀ ਬਾਕੀ

ਨੀਂਦਰ ਕੱਕਰ ਕੱਢ ਰਹੀ ਸੀ ਪਰ ਦਰਦ ਚੈਨ ਨਹੀਂ ਸੀ ਲੈਣ ਦਿੰਦਾ ..

"ਡੈਡੀ, ਹੁਣ ਆਪ ਡੀਆਂ ਲੱਟਾਂ ਡੁਖਡੀਆਂ ਨੇ ?..." ਬੱਚਾ ਸਹਿਮਿਆਂ ਹਰਜਾਪ ਦੇ ਸਿਰਹਾਣੇ ਬੈਠਾ ਸੀ । "ਮੰਮੀ, ਡੈਡੀ ਡੀਆਂ ਲੱਟਾਂਘੁੱਟ ਡੌ......"

"............?"

ਮੰਮੀ ਚੁੱਪ ਸੀ ।

"ਮੰਮੀ, ਡੈਡੀ ਡਾ ਸੀਰ ਡੁਖਡੈ .."

ਬੱਚੇ ਦਾ ਡੈਡੀ ਲਈ ਇਕ ਹੋਰ ਤਰਲਾ ਸੀ ।

"............?"

ਮੰਮੀ, ਚੁਲ੍ਹੇ ਦੁਆਲੇ ਹੋ ਗਈ ਸੀ ।

"ਮੰਮੀ........"

"............?"...ਮੰਮੀ ਪੀਪੇ ਵਿਚੋਂ ਆਟਾ ਝਾੜਨ ਲੱਗ ਪਈ ।

"............?"

"ਵੇ, ਆਪਣੇ ਡੈਡੀ ਨੂੰ ਕਹਿ ਬਈ ਆਟਾ ਮੁੱਕ ਗਿਐ...ਲੈ ਆਵੇ..."

"ਊਂ ਊਂ...ਊਂਊਂ...ਮੰਮੀ—ਡੈਡੀ...ਤਾਂ..."

"ਜਾਹ ਤੂੰ ਪਰ੍ਹਾਂ, ਮੇਰਾ ਸਿਰ ਨਾ ਖਾਹ...ਮੈਂ ਸਭ ਜਾਣਦੀਆਂ ਇਹਦੇ ਬਹਾਨਿਆਂ ਨੂੰ......ਮੈਂ ਨ੍ਹੀਂ ਸਾਰਾ ਦਿਨ ਕੰਮ ਕਰਦੀ ਘਰ ਦਾ... ਹੁਣੇ ਆਟਾ ਲਿਆਉਣ ਦੇ ਨਾਂ ਨੂੰ ਪਹਿਲਾਂ ਈ ਬਹਾਨੇ ਲਾਉਣ ਲੱਗ ਪਿਐ......" ਮੰਮੀ ਦੀਆਂ ਅੱਖਾਂ ਅੰਗਿਆਰਿਆਂ ਤੋਂ ਵੀ ਲਾਲ ਸਨ ।

ਬੱਚਾ ਪੋਲੇ ਪੋਲੇ ਹੱਥ ਹਰਜਾਪ ਦੇ ਸਿਰ 'ਚ ਫੇਰ ਰਿਹਾ ਸੀ ਤੇ ਹਰਜਾਪ ਨੀਂਦਰ ਨੂੰ ਮਿਲਣ ਲਈ ਤਰਲੋ ਮੱਛੀ ਹੋ ਰਿਹਾ ਸੀ......

ਪਟਿਆਲਾ (ਪੰਜਾਬ)

## ਮਿੰਨੀ ਕਹਾਣੀ

## ਤਲਾਅ

ਸੁਰਿੰਦਰ ਮਿਨਹਾਸ

ਆਮ ਆਬਾਦੀ ਤੋਂ ਦੁਰਾਡੇ ਇਕ ਪਹਾੜੀ ਪਿੰਡ ਵਿਚ ਪਾਣੀ ਦੀ ਬਹੁਤ ਦਿੱਕਤ ਰਹਿੰਦੀ ਸੀ ਅਤੇ ਲੋਕਾਂ ਨੂੰ ਬਹੁਤ ਦੂਰ ਦੇ ਇਕ ਚਸ਼ਮੇ ਤੋਂ ਪਾਣੀ ਲਿਆਉਣਾ ਪੈਂਦਾ ਸੀ ।

ਇਕ ਵਾਰੀ ਜਨ ਕਲਿਆਣ ਵਿਭਾਗ ਦੇ ਅਧਿਕਾਰੀਆਂ ਦਾ ਉਧਰੋਂ ਭਰਮਣ ਹੋਇਆ । ਵੱਡੇ ਵੱਡੇ ਮਟਕੇ ਚੁਕੀ ਪਹਾੜੀ ਤੇ ਚੜ੍ਹਦੀਆਂ ਮੁਟਿਆਰਾਂ ਨੂੰ ਵੇਖਕੇ ਉਹਨਾਂ ਨੂੰ ਬਹੁਤ ਤਰਸ ਆਇਆ । ਹੈਡਕੁਆਰਟਰ ਪਹੁੰਚਕੇ ਉਹਨਾਂ ਪਿੰਡ ਦੇ ਲੋਕਾਂ ਨੂੰ ਪਾਣੀ ਮੁਹਈਆ ਕਰਨ ਬਾਰੇ ਉਚ ਪੱਧਰੀ ਵਿਚਾਰ ਵਿਮਰਸ਼ ਕੀਤੀ ਤੇ ਫ਼ੈਸਲਾ ਕੀਤਾ ਕਿ ਪਿੰਡ ਵਿਚ ਤਲਾਅ ਖੋਦਿਆ ਜਾਵੇ ਜਿਸ ਵਿਚ ਮੀਂਹ ਦਾ ਪਾਣੀ ਜਮ੍ਹਾਂ ਹੋਵੇ, ਜੋ ਸਾਰਾ ਸਾਲ ਵਰਤਿਆ ਜਾਵੇ । ਲੋੜੀਂਦਾ ਸਰਵੇਖਣ ਕਰਕੇ ਤਲਾਅ ਖੋਦਣ ਦੀ ਥਾਂ ਵੀ ਨਿਸ਼ਚਿਤ ਕਰ ਦਿੱਤੀ ਗਈ ਅਤੇ ਇਸ ਕਾਰਜ ਲਈ ਪੰਜ ਲੱਖ ਰੁਪਏ ਦੀ ਰਕਮ ਵੀ ਮਨਜ਼ੂਰ ਹੋ ਗਈ ।

ਕੁਝ ਸਮੇਂ ਪਿਛੋਂ ਤਲਾਅ ਖੋਦਿਆ ਜਾ ਚੁਕਿਆ ਸੀ, ਕਾਗਜ਼ਾਂ ਵਿਚ । ਅਤੇ ਰਕਮ ਵੀ ਸਕਾਰਥੇ ਲੱਗ ਗਈ ਸੀ, ਅਧਿਕਾਰੀਆਂ ਦੇ ਪੇਟ ਦੇ ਤਲਾਅ ਵਿਚ । ਦਿਨ ਬੀਤਦੇ ਗਏ ਤੇ ਪਹਾੜੀ ਪਿੰਡ ਦੀਆਂ ਮੁਟਿਆਰਾਂ ਪਹਿਲਾਂ ਵਾਂਗ ਦੂਰ ਚਸ਼ਮੇ ਤੋਂ ਪਾਣੀ ਢੋਂਦੀਆਂ ਰਹੀਆਂ । ਕਾਫ਼ੀ ਸਮਾਂ ਬੀਤਣ ਉਪਰੰਤ ਅਧਿਕਾਰੀ ਹੈਰਾਨ ਹੋਏ ਕਿ ਤਲਾਅ ਨਾ ਖੋਦੇ ਜਾਣ ਬਾਰੇ ਲੋਕਾਂ ਕੋਈ ਸ਼ਿਕਾਇਤ ਹੀ ਨਹੀਂ ਕੀਤੀ । ਅਤੇ ਫਲ ਸਰੂਪ ਇਕ ਹੋਰ ਯੋਜਨਾ ਬਣੀ । ਹੁਣ ਸਿਹਤ ਵਿਭਾਗ ਦੇ ਅਧਿਕਾਰੀਆਂ ਨੂੰ ਨਾਲ ਲੈ ਕੇ ਪਿੰਡ ਦਾ ਇਕ ਹੋਰ ਦੌਰਾ ਕੀਤਾ ਗਿਆ । ਨਿਸ਼ਚਿਤ ਹੋਇਆ ਕਿ ਪਿੰਡ ਵਿਚ ਖੋਦਿਆ ਤਲਾਅ ਲੋਕਾਂ ਦੀ ਸਿਹਤ ਲਈ ਹਾਨੀਕਾਰਕ ਹੈ ਕਿਉਂਕਿ ਉਸ ਵਿਚ ਮੱਛਰ ਬਹੁਤ ਪੈਦਾ ਹੋ ਜਾਂਦਾ ਹੈ ! ਦੋਹਾਂ ਵਿਭਾਗਾਂ ਦੀ ਸਾਂਝੀ ਮਾਹਿਰ ਟੋਲੀ ਨੇ ਤਲਾਅ ਪੂਰੇ ਜਾਣ ਦੀ ਸਿਫਾਰਸ਼ ਕੀਤੀ ।

ਸੁਣਨ ਵਿਚ ਆਉਂਦਾ ਹੈ ਕਿ ਦੋ ਲੱਖ ਰੁਪਏ ਦੀ ਨਿਸ਼ਚਿਤ ਰਕਮ ਨਾਲ ਤਲਾਅ ਪੂਰਨ ਦਾ ਕੰਮ ਠੀਕ ਠਾਕ ਨੇਪਰੇ ਚੜ੍ਹ ਗਿਆ ਸੀ ! ●

# ਆਦਤ

## ਫੂਲ ਚੰਦ 'ਮਾਨਵ'

ਉਹ ਵੇਖ ਰਿਹਾ ਸੀ—ਖਿੜਦੇ ਫੁਲਾਂ ਨੂੰ, ਉਹਨਾਂ ਵਲ ਖਿਚੇ ਆਉਂਦੇ ਭੌਰਿਆਂ ਨੂੰ ਅਤੇ ਸੂਰਜ ਦੀਆਂ ਛੋਹ ਰਹੀਆਂ ਕਿਰਣਾਂ ਨੂੰ।

ਉਸਨੂੰ ਭਲਾ ਇਹ ਕਿਵੇਂ ਚੰਗਾ ਲਗਦਾ ? ਉਹ ਤਾਂ ਸੂਰਜ ਨਾਲ ਜਾ ਰਲੀ। ਉਸਦੇ ਦਿਲ ਵਿਚ ਖ਼ਰਾਸ਼ ਜਗਾ ਕੇ ਕਹਿਣ ਲਗੀ—ਤੂੰ ਵੀ ਕੀ ਏਂ, ਫੁੱਲ ਤਾਂ ਤੇਰੇ ਵਲ ਲਾਲ ਅਖਾਂ ਨਾਲ ਘੂਰ ਰਹੇ ਹਨ। ਇਕ ਤੂੰ ਏਂ ਬੁੱਧੂ ਸੂਰਜ, ਕਿ ਉਹਨਾਂ ਉੱਤੋਂ ਆਪਣੀਆਂ ਨਿੱਘੀਆਂ ਕਿਰਣਾਂ ਵਾਰ ਰਿਹਾ ਏਂ।

ਫੇਰ ਉਹ ਫੁੱਲਾਂ ਕੋਲ ਸੀ। ਦੂਜੇ ਦਿਨ। ਤੁਸੀਂ ਤਾਂ ਸੂਰਜ ਨੂੰ ਇੰਨਾ ਚਾਹੁੰਦੇ ਹੋ, ਪਰ ਭੁੱਲਦੇ ਹੋ ਕਿ ਉਹੀ ਤਾਂ ਤੁਹਾਡੀਆਂ ਜੜ੍ਹਾਂ ਕਟ ਰਿਹਾ ਏ। ਪਾਣੀ ਅਤੇ ਕਿਚੜ ਨੂੰ ਸੋਖਣ ਵਾਲਾ ਸੂਰਜ। ਕੇਰਾਂ ਤਾਂ ਉਹ ਫੁੱਲਾਂ ਨੂੰ ਵੀ ਕੁਰੇਦ ਗਈ।

ਤੀਜੇ ਦਿਨ ਉਹ ਭੌਰੇ ਦੀ ਗੋਦ ਵਿਚ ਸੀ। ਇਹ ਜੋ ਫੁੱਲ ਹਨ ਨਾ, ਸੂਰਜ ਲਈ ਖਿੜਦੇ ਹਨ, ਤੇਰੇ ਲਈ ਨਹੀਂ। ਭੌਂਦੂ, ਤੇਰੇ ਸੰਗੀਤ ਦਾ ਕੀ ਲਾਭ ?

ਫੁੱਲ ਸੂਰਜ ਅਤੇ ਭੌਰੇ—ਢਲਦੀ ਹੋਈ ਸ਼ਾਮ ਨੇ ਵੇਖਿਆ, ਸਾਰਿਆਂ ਦੇ ਮਨ ਪਾਟ ਰਹੇ ਸਨ। ਤਿੰਨੇ ਵੱਖ ਵੱਖ ਹੋ ਗਏ। ਅਤੇ ਉਹ ਖ਼ੁਸ਼ ਸੀ—ਵਿਚਾਰੀ ਢਲਦੀ ਸ਼ਾਮ।

ਸਮੇਂ ਦਾ ਘੰਟਾ ਖੜਕਿਆ। ਤਿੰਨੇ ਮੁੜ ਇਕ ਹੋ ਗਏ। ਢਲਦੀ ਸ਼ਾਮ ਨੇ ਫੇਰ ਆਪਣੀ ਆਦਤ ਅਨੁਸਾਰ ਤਿੰਨਾਂ ਨੂੰ ਵਖ ਕਰਨ ਦੀ ਕੋਸ਼ਿਸ਼ ਕੀਤੀ, ਪਰ ਹੁਣ ਤਾਂ ਸਵੇਰ ਹੋ ਚੁਕੀ ਸੀ। ਪਹੁ ਫੁਟਾਂਲੇ ਸਮੇਂ ਢਲਦੀ ਸ਼ਾਮ ਦੀ ਗਲ ਕੌਣ ਮੰਨਦਾ। (ਚੰਡੀਗੜ੍ਹ)


KR — TV

SALES – SERVICE – RENTALS

TV – Black and White, Color, Stereo, Tape Recorders

Phone: 321-6015
6674 MAIN STREET

* Philips, Fleetwood, Hitachi ਤੇ Electrophonic ਦੇ Franchised Dealer.
* ਗੁਰਬਾਣੀ ਅਤੇ ਹਿੰਦੀ ਪੰਜਾਬੀ ਗਾਣਿਆਂ ਦੀਆਂ ਟੇਪਾਂ





ਸੋਨੀ ਐਂਡ ਸਨਜ਼

SONI & SONS
JEWELLERS
Specialist in East Indian Jewelry

6524 MAIN ST.

(AT 49th Ave.)

VANCOUVER, B.C.

PHONE 324-1012

RES. 327-0783

# ਨਰਵਾਲ ਇੰਟਰਨੈਸ਼ਨਲ ਟਰੈਵਲਜ਼

**Cheapest fare to India, Fiji and Pakistan**

Also we have experience to help you and advise you on the following subjects:

1. ਬੇਕਾਰੀ (Unemployment)
2. ਵੈਲਫੇਅਰ (Welfare)
3. ਕਰਾਏਦਾਰੀ ਮਸਲੇ (Landlord & tenents grievances)
4. ਇਮੀਗ੍ਰੇਸ਼ਨ ਤੇ ਸਿਟੀਜ਼ਨਸ਼ਿਪ (Immigration & Citizenship)
5. ਪਾਸਪੋਰਟ ਤੇ ਦੋਭਾਸ਼ (Passport & Interpretation)

ਫ਼ੋਨ ਕਰੋ –

• ਜਸਵੀਰ ਨਰਵਾਲ, ਬੀ ਏ

• ਪ੍ਰਿਤਪਾਲ ਨਰਵਾਲ ਬੀ ਏ, ਐਲ ਐਲ ਬੀ

ਘਰ ਦਾ ਫ਼ੋਨ – **874-3276**

# COSMOPOLITAN MARRIAGE COUNSELLING

9 East Broadway, Vancouver
V5T 1V4



ਸੱਚਾ ਸਾਥੀ ਮਿਲਣਾ ਬੜੀ ਖ਼ੁਸ਼ਕਿਸਮਤੀ ਹੈ। ਅੱਜ ਹੀ ਇਹ ਸੱਚੀ ਖ਼ੁਸ਼ੀ ਹਾਸਲ ਕਰਨ ਲਈ ਸਾਨੂੰ ਮਿਲੋ। ਅਸੀਂ ਤੁਹਾਡੀ ਜਾਣ ਪਛਾਣ ਅੱਛੇ ਅੱਛੇ ਪਰਵਾਰਾਂ ਦੇ ਲੜਕੇ ਲੜਕੀਆਂ ਨਾਲ ਕਰਾ ਸਕਦੇ ਹਾਂ। ਹਰ ਤਰ੍ਹਾਂ ਦੀ ਸੂਚਨਾ ਗੁਪਤ ਰੱਖੀ ਜਾਂਦੀ ਹੈ।

ਫ਼ੋਨ: **876-1825**



- All Fabrics and Garments on Special Clearance.
- A Variety of Gift Wares, such as: Imported Jewellery, Handicrafts, Decoration Pieces.
- Leather Belts – Double Buckle, Special $1.95 ea.

And Many More!

BEANT S. SAHOTA



PH. 524-8882

COME AND SEE US AT:

**KIRAN INTERNATIONAL EMPORIUM**

700—12th St., New Westminster

Buying, selling or trading berry farms, homes, and for any other type of real estate need contact: –

# Block Bros. Realty Ltd.

**32641 South Fraser Way, Abbotsford**
**853-6411 – Direct Line 524-2215**



**PAUL GILL**

**RES.: 826-9942**

## FOR ALL KINDS OF REAL ESTATE SERVICES CONTACT

OFFICE
437-9431

RES.
433-3334



**DARSHAN BRAR MA**

Real Estate Board Award Winner

Member Medallion Club & Master Member

**UNITED REALTY LTD.**

2443 Kingsway
Vancouver

PHONE ANY TIME FOR
NEW & USED CARS and HALF TON TRUCKS



## MAJER SINGH DHALIWAL

**CAR SALESMAN**

ਨਵੀਂ ਜਾਂ ਪੁਰਾਣੀ ਕਾਰ, ਵੈਗਨ ਜਾਂ ਪਿਕਅੱਪ ਅਤੇ ਟਰੱਕ ਆਦਿਕ ਅੱਛੀ
ਹਾਲਤ ਸਸਤੀਆਂ ਕੀਮਤਾਂ ਤੇ ਖਰੀਦਣ ਲਈ ਮੇਜਰ ਸਿੰਘ ਧਾਲੀਵਾਲ
ਨੂੰ ਮਿਲੋ ਜੋ 641-LOUGHEED HWY. (NEAR LOUGHEED MALL)
COQUITLAM, ਵਿਚ ਕਾਰ ਸੇਲਜ਼ਮੈਨ ਹਨ। ਵਧੇਰੇ ਵਾਕਫੀ ਲਈ ਘਰ
594-2838 ਤੇ ਫੋਨ ਕਰੋ। ਗੈਰੇਜ ਵਿੱਚ ਪੁੱਜਕੇ ਮੈਨੇਜਰ ਨੂੰ ਕਹੋ
ਕਿ ਤੁਸੀਂ ਮੇਜਰ ਸਿੰਘ ਧਾਲੀਵਾਲ ਨੂੰ ਮਿਲਣਾ ਹੈ।

Bus.
937-7711



Res.
594-2838

***GARY PONTIAC-BUICK & GMC LTD***

Plan

# India Holidays

*with*

SAFEWAYS GROUPS

*For Instant Booking call collect:*

604-873-5631
604-873-4011

*We will arrange Canadian, Indian and Fijian passports.*

SAFEWAYS
TRAVEL AGENCY LTD.

*1391 Kingway Vancouver, B.C.*
*V5V 3E3*

**For free consultation and professional advice in buying, selling or trading any type of real estate contact any time**

OFFICE
324-3888
RES.
434-4060



**MANJEET S. BHATTI**

LOVE ROCK REALTY
5316 Victoria Drive,
Vancouver, B.C.

**WATNO DŪR**
**14768 HALSTEAD PLACE**
**SURREY, B.C. , V3R 6S5**

## *NOW—A LIFE INSURANCE POLICY THAT GUARANTEES EVERY CENT OF YOUR MONEY BACK*

***anytime you ask — after premiums have been paid and the policy has been in force for two years.***

*We also provide various other forms of insurance, such as:*

**Investment plans**
**Mortgage Insurance**
**Children's Educational Plans**
**Accident & Sickness policy**
**Registered Retirement Savings plans**
**Travel insurance, etc., etc.**
**Annuity Plans, etc., etc.**

ਹੁਣ ਤੁਸੀਂ ਨਵੀਂ ਕਿਸਮ ਦੀ ਵਧੀਆ ਇਨਸ਼ੋਅਰੈਂਸ ਪਾਲਿਸੀ ਖਰੀਦ ਸਕਦੇ ਹੋ, ਜਿਸ ਰਾਹੀਂ ਕਿਸੇ ਵੀ ਫੈਮਿਲੀ ਮੈਂਬਰ ਦਾ 50,000 ਡਾਲਰ ਤੱਕ ਲਾਈਫ਼ ਇਨਸ਼ੋਅਰੈਂਸ ਹੋ ਸਕਦਾ ਹੈ ਤੇ ਸਿਰਫ਼ ਦੋ ਸਾਲ ਪਾਲਿਸੀ ਚਾਲੂ ਰੱਖਕੇ ਤੁਸੀਂ ਉਸਤੋਂ ਬਾਅਦ ਜਦੋਂ ਵੀ ਚਾਹੋ ਆਪਣੇ ਸਾਰੇ ਪੈਸੇ ਇਕੱਠੇ ਵਾਪਸ ਲੈ ਸਕਦੇ ਹੋ!

ਇਹ ਪਾਲਿਸੀ ਕੈਨੇਡਾ ਵਿੱਚ ਪਹਿਲੀ ਵਾਰੀ ਚਾਲੂ ਹੋਈ ਹੈ।

***For further information please feel free to call any one of us without obligation:***



JAGJIT SINGH SIDHU M.A.
Unit Supervisor
Res.: 324-2493



MOHAMMED K HUSSEIN
Sales Representative
324-2683/873-8915



PRIT PAL S. NARWAL
B.A., LL.B.
Sales Representative
874-3276



RUPINDER AZAD M.A.
Unit Supervisor
Res. 430-1924

## SEABOARD LIFE INSURANCE COMPANY

**1920 West Broadway Vancouver**
**Office: 736-7431**

WATNO DUR (Far from the Motherland) is a literary and cultural monthly of PANJABI language – the mother-tongue of East Panjab (India) and West Panjab (Pakistan) – published by WATNO DUR PUBLICATIONS (Reg'd). WATNO DUR has been serving Canadian readers since July, 1973. The contributors include well-known Panjabi writers from Canada, India, Pakistan and England.